੧ ੳ ਸਤਿਗੁਰਪ੍ਰਸਾਦਿ ॥

"ਭੁਜ ਬਲ ਬੀਰ
ਬ੍ਰਹਮ ਸੁਖ ਸਾਗਰ

ਗਰਤ ਪਰਤ ਗਹਿ
ਲੇਹੁ ਅੰਗੁਰੀਆ ॥"

ਸਮਰਪਨ

"ਸੰਤ ਸਹਾਯਕ ਦੁਸ਼ਟਨ ਘਾਯਕ"

ਗੁਰੂ ਪੰਥ ਪਿਤਾ

ਪੰਥ ਖਾਲਸਾ

ਅਰਥਾਤ

ਖਾਲਸਾ ਪਾਰਲੀਮੈਂਟ

ਦੀ

ਸੇਵਾ ਮਾਂਹਿ

ਯਹਿ ਗ੍ਰੰਥ ਅਰਪਨ ਕੀਤਾ ਜਾਂਦਾ ਹੈ ॥

—ঃ ਕਰਤਾ ঃ—

ਰਣ ਸਿੰਘ ਅਕਾਲੀ

੧ ੴ ਵਾਹਿਗੁਰੂ ਜੀਕੀ ਫਤਹ ॥

ਪ੍ਰਾਰਥਨਾਂ !

ਪਜਾਰੇ ਖਾਲਸਾ ਜੀ ! ਲੋਕ ਪ੍ਰਸਿੱਧ ਦਸਮ ਪਾਤਸ਼ਾਹ ਜੀ ਦੇ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਕਲਗੀਧਰ ਜੀ ਦੀ ਆਗਜਾ ਵਿਰੁਧ ਓਹਨਾਂ ਦੇ ਸਚਖੰਡ ਗਮਨ ਤੋਂ ਢੇਰ ਚਿਰ ਮਗਰੋਂ ਪੋਥੀਆਂ ਕੱਠੀਆਂ ਕਰਕੇ ਬੱਧੀ ਗਈ ਹੈ ਜਿਸਦੀ ਮਾਨ ਪ੍ਰਤਿਸ਼ਟਾ "ਸ੍ਰੀਗੁਰੂ ਗ੍ਰੰਥ ਸਾਹਿਬ" ਜੀ ਦੇ ਤੁੱਲ ਹੀ ਕੀਤੀ ਜਾਂਦੀ ਹੈ, ਅਤੇ ਉਸ ਬੀੜ ਦਸਮ ਗ੍ਰੰਥ ਦੀ ਸੱਭੋ ਰਚਨਾ, ਬਾਣੀਆਂ, ਸਰਧਾ ਤੇ ਵਿਸ੍ਵਾਸ ਯੋਗਜ ਪ੍ਰਗਟ ਕਰਕੇ ਪੰਥ ਪ੍ਰਵਾਨੀਕ ਦੱਸੀਆਂ ਜਾਂਦੀਆਂ ਹਨ, ਜਿਸ ਕਰਕੇ ਇੱਕ ਤਾਂ ਖਾਲਸਾ ਪੰਥ ਮੇਂ, ਗੁਰਮਤ ਵਿਰੁੱਧਤਾ ਦਾ ਭਾਰਾ ਪ੍ਰਚਾਰ ਹੁੰਦਾ ਹੈ, ਦੂਜੇ ਅਨਜਮਤੀ ਲੋਕ ਉਨ੍ਹਾਂ ਬਾਣੀਆਂ ਦਾ ਆਸਰਾ ਲੈਕੇ ਖਾਲਸਾ ਪੰਥ ਪਰ ਕਈ ਤਰਾਂ ਦੀਆਂ ਚੋਟਾਂ ਚਲੌਂਦੇ ਅਥਵਾ ਸਾਡੇ ਭੋਲੇ ਭ੍ਰਾਵਾਂ ਨੂੰ ਭੁਲੇਖਿਆਂ ਵਿਚ ਪਾਉਂਦੇ ਹਨ, ਯਾਂਤੇ " ਪੰਚ ਖਾਲਸਾ ਦੀਵਾਨ " ਅਰਥਾਤ " ਖਾਲਸਾ ਪਾਰਲੀਮੈਂਟ" ਰਚਿਤ "ਖਾਲਸਾ ਰਹਿਤ ਪ੍ਰਕਾਸ਼" ਅਨੁਸਾਰ **ਦਸਮ ਗ੍ਰੰਥ ਨਿਰਣਯ** (ਰਚਿਤ ਡਾਕਟਰ ਰਣਸਿੰਘ ਅਕਾਲੀ ਏ. ਡੀ. ਸੀ. ਸ੍ਰੀ ੧੦੮ ਹਜ਼ੂਰ ਮਾਲਵਿੰਦ੍ਰ ਬਹਾਦਰ ਪੰਥ ਹਿਤਕਾਰੀ ਮਹਾਰਾਜਾ ਸਾਹਿਬ ਨਾਭਾ ਪਤੀ) ਨਾਮੀ ਪੁਸਤਕ ਦ੍ਵਾਰਾ "ਦਸਮ ਗ੍ਰੰਥ" ਦੀ ਬਾਣੀਦਾ ਨਿਰਣਯ ਪਾਠਕਾਂਦੇ ਗਜਾਨ ਤੇ ਸਿਧਾਂਤ ਸ੍ਵੀਕਾਰਤਾ ਹਿਤ ਪੇਸ਼ ਕੀਤਾ ਜਾਂਦਾ ਹੈ, ਇਸ ਪੁਸਤਕ ਦੀ ਸੋਧਨ ਵਿੱਦਜਕ ਜੱਥਾ ਪੰਚ ਖਾਲਸਾ ਦੀਵਾਨ ਕਰ ਚੁੱਕਾ ਹੈ, ਇਸ ਕਰਕੇ ਭਰੋਸਾ ਹੈ ! ਜੋ ਗੁਣੀ ਜਨ ਇਸ ਸੇਵਾਨੂੰ ਅੰਗੀਕਾਰ ਕਰਦੇ ਹੋਏ ਇਸ ਪੁਸਤਕ ਦੀ ਸੁਭਾਵਿਕ ਭੁੱਲਾਂ ਨੂੰ ਦੱਸ ਕੇ ਹੋਰ ਭੀ ਲਾਭਦਾਇਕ ਬਨਾਣ ਦਾ ਯਤਨ ਕਰਨਗੇ ॥

੧ ਫਗਣ
ਸੰ: ੪੫੦

ਪ੍ਰਾਰਥਿਕ—ਬਖਸ਼ੀਸ਼ ਸਿੰਘ
ਜੱਥੇਦਾਰ "ਪੰਚ ਖਾਲਸਾ ਦੀਵਾਨ"

ਦਸਮ ਗ੍ਰੰਥ ਨਿਰਣਯ ਦਾ ਤਤਕਰਾ

੧ ੴ ਵਾਹਿਗੁਰੂ ਜੀਕੀ ਫਤਹ ॥

ਭੂਮਿਕਾ

ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤ ਚਿਤ ਲਾਇ ॥
ਪੂਰਨ ਕਰੌਂ ਗ੍ਰੰਥ ਯਹਿ ਤੁਮ ਮਮ ਕਰੋ ਸਹਾਇ ॥ ੧ ॥

ਪਯਾਰੇ ਪਾਠਕ ਜੀ ! ਆਪ ਨੂੰ ਪਤਾ ਹੀ ਹੈ ਜੋ ਸ੍ਰੀ ਕਲਗੀ ਧਰ ਜੀ ਦੇ ਸਮਯ ਤਕ ਖਾਲਸਾ ਪੰਥ ਵਿਖੇ ਇਕੋ ਹੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਸਨ ਜਿਨ੍ਹਾਂ ਦੀਆਂ ਬੀੜਾਂ ਦੇ ਕਈ ਭੇਦ ਸਨ ਜਿਨ੍ਹਾਂ ਵਿਚੋਂ ਮੁਖ ਇਹ ਹਨ:-

(ੳ) ਸ੍ਰੀ ਗੁਰੂ ਅਰਜਨ ਦੇਵ ਸ੍ਵਾਮੀ ਪੰਚਮ ਪਾਤਸ਼ਾਹ ਜੀਨੇ ਸਿਖ ਸੰਗਤਾਂ ਦੇ ਉਧਾਰ ਲਈ ਨਾਮ ਦੇ ਜਹਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ੧੬੬੦ ਬਿ: ਸੰਮਤ ਵਿਚ ਅਰੰਭੀ ਜਿਸਦੇ ਲਿਖਾਰੀ ਭਾਈ ਗੁਰਦਾਸ ਜੀ ਹੋਣੇ ਕਰ "ਭਾਈ ਗੁਰਦਾਸ ਜੀ ਦੀ ਬੀੜ" ਕਹਾਈ ॥

(ਅ) ਭਾਈ ਬੰਨੋ ਜੀ ਦੇ ਉਤਸ਼ਾਹ ਦ੍ਵਾਰਾ ਉਪ੍ਰੋਕਤ ਜਿਲਦ ਬੰਨ੍ਹਵਾਨ ਲਈ ਲਾਹੌਰ ਜਾਨ ਦੇ ਸਮਯ ਵਿਚ ਹੀ ਜੋ ਉਤਾਰਾ ਰਸਤੇ ਵਿਚ ਕੀਤਾ ਗਿਆ, ਜਿਸ ਵਿਚ ਮੁੰਦਾਵਣੀ ਤੋਂ ਅਗੇ ਕਈ ਕ ਵਾਧੂ ਬਾਣੀਆਂ ਲਿਖੀਆਂ ਹੋਣ ਦੇ ਕਾਰਣ **ਖਾਰੀ ਬੀੜ** ਦੱਸੀ ਗਈ, ਉਸਨੂੰ "ਭਾਈ ਬੰਨੋ ਜੀਦੀ ਬੀੜ" ਦੇ ਨਾਮ ਕਰਕੇ ਪੁਕਾਰਿਆ ਜਾਂਦਾ ਹੈ ॥

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਰਬਾਰ ਦਮਦਮੇ ਸਾਹਿਬ ਵਿਖੇ ਜੋ ਨੌਮੇ ਸਤਿਗੁਰੂ ਜੀਦੇ ਸ਼ਬਦ ਅਤੇ [illegible]

ਸੁੱਧੇ ਇਕ ਦੋਹਰਾ " ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥ ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ " ਅਪਨੀ ਬਾਣੀ ਸ਼ਾਮਲ ਕਰਕੇ ਜਿਸ ਬੀੜ ਨੂੰ ਪੂਰਣ ਕੀਤਾ ਹੈ ਓਹ ਅਸਲੋਂ " ਦਸਵੀਂ ਪਾਤਸ਼ਾਹੀ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ " ਹੈ, ਜੋ ਕਿ ਅਜ ਕਲ **ਦਮਦਮੇ ਵਾਲੀ ਬੀੜ** ਦੇ ਨਾਮ ਕਰਕੇ ਪ੍ਰਸਿਧ ਹੈ ਇਸ ਸ੍ਰੀਗੁਰੂ ਗ੍ਰੰਥਸਾਹਿਬਜੀ ਭਾਵ"ਦਸਮੀ ਪਾਤਸ਼ਾਹੀ ਦੇ ਗ੍ਰੰਥਸਾਹਿਬ"ਜੀਦੀ ਪੂਰਣਤਾ ਪਰ ੨੩ ਸਾਵਣ ੧੭੬੩ ਬਿ: ਨੂੰ ਕਲਗੀਧਰ ਜੀ ਨੇ ਵੱਡਾ ਭਾਰੀ ਖ਼ਾਲਸਾ ਜੀ ਦਾ ਦੀਵਾਨ ਲਾ ਕੇ ਉਤਸ਼ਾਹ ਕੀਤਾ ਅਤੇ ਕ਼ਾਤਕ ਸੁਦੀ ੫ ਸੰ: ੧੭੬੫ ਬਿ: ਅਪਣੇ ਸਚਖੰਡ ਗਮਨ ਸਮਯ ਇਨ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੱਤ੍ਵਾ ਪਦਵੀ ਦੇ ਕਰ ਖ਼ਾਲਸਾ ਜੀ ਦੇ ਪੁਛਨ ਪਰ ਪੰਥ ਪ੍ਰਤਿ ਇਹ ਹੁਕਮ ਦਿਤਾ; ਯਥਾ:—

" ਆਗਜਾ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥ "

ਪੁਨ:

ਦਸ ਅਵਤਾਰ ਗੁਰ ਏਕ ਸਮ ਯੌ ਜਾਨੈ ਜੋ ਮੇਰ ॥
ਇਕਾਦਸ਼ਮੋ "ਗੁਰੁ ਗ੍ਰੰਥ ਜੀ ਬਾਣੀ" ਸਤਿਗੁਰ ਹੇਰ॥੧॥

ਭਾਵ ਐ ਖਾਲਸਾ ਜੀ ! ਗੁਰੂ ਨਾਨਕ ਸਾਹਿਬ ਤੋਂ ਲੈ ਕਰ ਦਸੋ ਹੀ ਗੁਰੂ ਸਾਹਿਬਾਂ ਨੂੰ ਆਪ ਨੇ ਇਕ ਸਰੂਪ ਤੇ ਇਕੋ ਹੀ ਜੋਤ ਸਮਝਨਾ ਜੋ ਇਸ ਪਰ ਦ੍ਰਿੜ ਭਰੋਸਾ ਰਖੇਗਾ ਸੋ ਮੇਰਾ (ਸਿਖ) ਹੈ॥ ਤੇ ਦੂਜੀ ਗੱਲ ਇਹ ਜੋ ਯਾਰਵੇਂ ਬਾਣੀ ਰੂਪ ਸਤਿਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਨੂੰ ਹੀ ਗੁਰੂ ਸਰੂਪ ਅਥਵਾ ਸਤਿਗੁਰੂ ਮੰਨਣਾ ਹੋਸੀ ਜੋ ਸਚ ਮੁਚ ਹੀ ਠੀਕ ਹੈ ।

ਗੁਰੱਤ੍ਵਾ ਪਦਵੀ ਉਨ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਦਾਨ ਕੀਤੀ ਗਈ ਹੈ ਜਿਨਾਂ ਨੂੰ ਸ੍ਰੀ ਕਲਗੀਧਰ ਜੀ ਨੇ ੧੭੬੩ ਬਿ: ਦਮਦਮੇ ਸਾਹਿਬ ਵਿਖੇ ਸੰਪੂਰਣ ਕੀਤਾ ਹੈ ਜੋ ਕਿ ਦਮਦਮੇ

ਵਾਲੀ ਬੀੜ ਦੇ ਨਾਮ ਕਰਕੇ ਪ੍ਰਸਿਧ ਹੈ। ਇਸ ਤੋਂ ਪ੍ਰਥਮ ਦੀ ਬੀੜਾਂ ਨੂੰ ਗੁਰ ਗੱਦੀ ਨਹੀ ਦਿਤੀ ਗਈ ਜਿਸਦਾ ਖਾਲਸਾ ਇਤਹਾਸ ਸਰਬ ਪ੍ਰਕਾਰ ਉਗਾਹੀ ਤੇ ਪੂਰਣ ਸਬੂਤ ਦੇ ਰਿਹਾ ਹੈ ਤੇ ਇਸ ਵਲੋਂ ਮੁਨਕਿਰ ਹੋਣਾ ਐਸਾ ਹੈ ਜਿਸ ਤਰਾਂ ਦਿਨ ਨੂੰ ਕੋਈ ਕਹੇ ਕਿ ਕੋਈ ਸੂਰਜ ਨਹੀ ਚੜ੍ਹਿਆ। ਸੋ ਆਪ ਵਿਚਾਰ ਸਕਦੇ ਹੋ ਜੋ ਐਸਾ ਕਥਨ ਕਰਨ ਵਾਲੇ ਭਲੇ ਪੁਰਸ਼ਾਂਨੂੰ ਆਮ ਵਿੱਦ੍ਵਾਨ ਕੇਹੜੀ ਸ੍ਰੇਣੀ ਵਿਚ ਸ਼ੁਮਾਰ ਕਰਿਆ ਕਰਦੇ ਹਨ॥

ਸੋ ਇਸੇ ਸ੍ਰੇਣੀ ਦੇ ਮਾਲਕ ਦਿਨ ਨੂੰ ਰਾਤ ਦੱਸਨ ਵਾਲੇ ਇਕ ਭਾਈ ਸਾਹਿਬ ਜੀ ਇਹ ਲਿਖਦੇ ਹਨ ਕਿ "ਦਸਮ ਗ੍ਰੰਥਦੀ ਬੀੜ ਸ੍ਰੀ ਕਲਗੀਧਰ ਜੀ ਨੇ ਆਪ ਬੰਧਵਾਈ ਹੈ" ਜਿਸਦੇ ਸਬੂਤ ਵਿਚ ਇਹ ਉਪਰਲਾ ਸੌ ਸਾਖੀ ਦਾ ਹੀ ਦੋਹਰਾ ਭੰਨ ਤੋੜਕੇ ਭਾਵ "**ਇਕਾਦਸ਼ਮੋ** ਗੁਰੁ ਗ੍ਰੰਥ ਜੀ ਬਾਨੀ" ਤੁਕ ਨੂੰ ਅਪਨੇ ਮਨਉਕਤੋਂ ਹੀ "**ਇਕ ਦਸਮੋ** ਗੁਰੂ ਗ੍ਰੰਥ ਜੀ ਬਾਨੀ" (ਅਪ੍ਰਸੰਗਕ) ਤੁਕ ਬਨਾਕੇ ਲਿਖਦੇ ਹਨ॥

ਆਪ ਨੂੰ ਪਤਾ ਨਹੀ ਜੋ ਆਪ ਦੀ ਇਸ ਮਨਉਕਤੀ ਤੁਕ (ਕਥਨ) ਦੇ ਉਲਟ **ਖਾਲਸਾ ਇਤਹਾਸ** ਸਾਫ ਸਾਫ ਇਹ ਗਵਾਹੀ ਦੇ ਰਿਹਾ ਹੈ ਜੋ "ਦਸਮ ਗ੍ਰੰਥ" ਦੀ ਬੀੜ ੧੮੦੪ ਬਿਃ ਦੇ ਲਗ ਭਗ ਬਨਾਈ ਗਈ ਹੈ ਭਾਵ ਸ੍ਰੀ ਕਲਗੀਧਰ ਜੀ ਦੇ ਸਚਖੰਡ ਚਲਾਨੇ ਤੋਂ ਢੇਰ ਚਿਰ ਮਗਰੋਂ ੧੮੦੪ ਬਿਃ ਦੇ ਲਗਭਗ ਪ੍ਰੇਮੀ ਖਾਲਸਾ ਜੀ ਨੇ ਦਸਮੇਸ ਜੀ ਦੇ ਸਮਯ ਦੇ ਅਨਜਮਤਾਂ ਵਿਚੋਂ ਉਲਥਾ ਕੀਤੇ ਹੋਏ ਗ੍ਰੰਥ ਔਰ ਕੁਛਕ ਖਾਲਸਾ ਧਰਮ ਨਿਯਮ ਪ੍ਰਗਟਾਊ "ਦਸਮ ਗੁਰ ਗਿਰਾ" ਬਾਣੀ ਨੂੰ, ਜੋ ਬੜੇ ਜਤਨਾਂ ਦ੍ਵਾਰਾ ਇਕੱਤ੍ਰ ਕਰਕੇ ਸੰਗ੍ਰਹ ਕੀਤੀ ਗਈ ਸੀ, "ਦਸਮੇ ਪਾਤਸ਼ਾਹ ਦੇ ਗ੍ਰੰਥ ਸਾਹਿਬ" ਦੇ ਨਾਮ ਕਰਕੇ ਪੁਕਾਰਨਾ ਅਰੰਭ ਦਿੱਤਾ। ਜਿਸਦਾ ਅਸਰ ਇਹ ਹੋਯਾ ਜੋ ਖਾਲਸਾ ਜੀ ਉਪ੍ਰੋਕਤ ਕਥਨ ਕੀਤੀ ਅੰਕ **(ਚ) ਵਾਲੇ ਅਸਲੀ ਭਾਵ ਨੂੰ ਛਡ, ਇਸੇ ਸੰਗ੍ਰਹ ਦੇ ਹੀ ਪੂਰਣ ਸਰ-**

ਥਾਲ੍ਹ ਬਨ ਬੈਠੇ ਜਿਸ ਦਾ ਅਸਰ ਆਮ ਸਭ ਖਾਲਸਾ ਜੀ ਪ੍ਰਤੱਖ
ਸੁਤੇ ਹੀ ਜ਼ਾਹਿਰ ਹੈ ॥

ਬੀੜਾਂ ਦੇ ਭੇਦ

ਇਸ ਲੋਕ-ਪ੍ਰਸਿਧ " ਦਸਮ ਪਾਤਸ਼ਾਹ ਦੇ ਗ੍ਰੰਥ ਸਾਹਿਬ" ਜੀ (ਜਿਸਦਾ ਸੰਖੇਪ ਨਾਉਂ ਦਸਮ ਗ੍ਰੰਥ ਹੈ) ਦੀ ਬੀੜਾਂ ਦੇ ਭੀ ਅਨੇਕ ਭੇਦ ਹਨ ਜੋ ਵਖੋਵਖ ਸਿੰਘਾਂ ਦੇ ਭਿੰਨ ਭਿੰਨ ਕ੍ਰਮ ਅਨੁਸ਼ਾਰ ਸਿੰਚਨ ਕਰਨ ਪਰ ਬਣ ਗਈਆਂ ਹਨ, ਪ੍ਰੰਤੂ ਇਨ੍ਹਾਂ ਵਿਚੋਂ ਆਮ ਮਸ਼ਹੂਰ ਬੀੜਾਂ ਦੋ ਹੀ ਹਨ, ਇਕ ਭਾਈ ਦੀਪ ਸਿੰਘ ਜੀ ਦੀ, ਦੂਜੀ ਭਾਈ ਸੁੱਖਾ ਸਿੰਘ ਜੀਦੀ ਜਿਸ ਵਿਚ ਪਹਿਲੀ ਨਾਲੋਂ ਛੱਕੇ ਭਗੌਤੀ ਸਤੋਤ੍ਰ ਤੇ ਸੁਖਮਨਾ ਆਦਿਕ ਵਾਧੂ ਬਾਣੀਆਂ ਸ਼ਾਮਲ ਕਰ ਦਿਤੀਆਂ ਗ-ਈਆਂ ਹਨ। ਇਸਤੋਂ ਬਿਨਾਂ ਆਮ " ਦਸਮ ਗ੍ਰੰਥਾਂ " ਬੀੜਾਂ ਵਿਚ ਖਾਲਸਾ ਧਰਮ ਨਿਯਮ ਪ੍ਰਗਟਾਊ ਤੇ ਇਤਹਾਸ ਰੂਪ ਬਾਣੀਆਂ ਇਹ ਹਨ; ਯਥਾ:—

੧. ਜਾਪੁ
੨. ਅਕਾਲ ਉਸਤਤਿ
੩. ਬਚਿਤ੍ਰ ਨਾਟਕ
੪. ਚੰਡੀ ਚਰਿੱਤ੍ਰ ੧, ੨ ਤੇ ਚੰਡੀ ਦੀ ਵਾਰ
੫. ਗਿਆਨ ਪ੍ਰਬੋਧ (ਸੂੱਧੇ ਦਾਨ ਧਰਮ ਦਰਪਨ)
੬. ਚੌਬੀਸ ਅਵਤਾਰ—
 (ੳ) ਰਾਮਾਵਤਾਰ
 (ਅ) ਕ੍ਰਿਸ਼ਨਾਵਤਾਰ
 (ੲ) ਕਲਿਕੀ ਅਵਤਾਰ
 (ਸ) ਉਪਅਵਤਾਰ
੭. (ਹਜ਼ਾਰੇ) ਸਬਦ ਪਾ: ੧੦

ਪਸ ਜਦ ਇਨ੍ਹਾਂ ਵਖੋ ਵਖ ਬਾਣੀਆਂ ਦੀ ਕ੍ਰਮ ਅਨੁਸਾਰ ਵਿ-ਚਾਰ ਕੀਤੀ ਜਾਂਦੀ ਹੈ ਤਾਂ ਜੋ ਨਿਰਣਯ ਪ੍ਰਗਟ ਹੁੰਦਾ ਹੈ ਉਹ ਪਾਠ-ਕਾਂ ਦੀ ਵਿਚਾਰ ਹਿਤ ਕ੍ਰਮ ਅਨੁਸਾਰ ਹੀ ਅਗੇ ਲਿਖਿਆ ਜਾਂਦਾਹੈ॥

ਭਰੋਸਾ ਹੈ ਪਾਠਕ ਜਨ ਇਸਨੂੰ ਦੀਰਘ ਦ੍ਰਿਸ਼ਟੀ ਦ੍ਵਾਰਾ ਵਿਚਾਰਕੇ ਇਸਦੇ ਭਾਵ ਨੂੰ ਗ੍ਰਹਿਨ ਕਰਦੇ ਹੋਏ ਪ੍ਰਚਾਰ ਦੁਆਰਾ ਨਿਹਾਲ ਕਰਨਗੇ ॥

ਨਾਭਾ
੧ ਅਸੂ, ੪੫੦ ਖਾ:

ਲੇਖਕ
ਖਾਲਸੇ ਦਾ ਸੇਵਕ
ਰਣ ਸਿੰਘ " ਅਕਾਲੀ "
ਮੀਤ ਸੇਵਕ
ਸ੍ਰੀ ਗੁਰੂ ਸਿੰਘ ਸਭਾ ਭਸੌੜ
ਰਾਜ ਪਟਿਆਲਾ

ਅੰਤਕਾ

ਐ ਖਾਲਸਾ ਵੀਰੋ !

ਆਪ ਨੂੰ ਪਤਾ ਹੈ ਜੋ ਆਪ ਦੀ ਹਸਤੀ ਕੀ ਹੈ ? ਯਾਦ ਰਹੇ ! ਆਪ ਦੀ ਹਸਤੀ ਇਹੀ ਬੀਰ ਰਸ ਦੀ ਮੁਕਤੀ ਦਾਇਕ ਕੜਾਕੇ ਦਾਰ "ਦਸਮ ਗੁਰ ਗਿਰਾ" ਬਾਣੀ ਹੈ, ਜਿਸਦੇ ਸੁਣਨ ਮੰਨਨ ਤੇ ਅਭਯਾਸ ਤੇ ਬੁੱਧਿ ਦਾ ਪ੍ਰਕਾਸ਼ ਤੇ ਕੌਮੀ ਜੋਸ਼ ਦੀ ਬ੍ਰਿਧੀ ਹੈ। ਧਰਮ ਜੁੱਧ ਦੇ ਚਾਹਵਾਨ ਸ੍ਰੀ ਕਲਗੀਧਰ ਪਿਤਾ ਜੀ ਨੇ ਪੰਥ ਵਿਚ ਬੀਰ ਰਸ ਦੀ ਸ਼ਕਤੀ ਭਰਨ ਲਈ "ਨਾਮ ਰਸ" ਦੀ ਬਾਣੀ ਨੂੰ ਬੀਰ ਰਸ ਦੀ ਰੰਗਣ ਵਿਚ ਰੰਗਿਆ। ਪੁਨ: ੧੭੫੬ ਬਿੱਕ੍ਰਮੀ ਬੈਸਾਖੀ ਨੂੰ "ਖਾਲਸਾ ਪਾਰਲੀਮੈਂਟ" ਸਾਜਨ ਸਮਯ ਭੀ ਇਸੇ ਬੀਰ ਰਸ ਬਾਣੀ ਦੀ ਸ਼ਾਂਤ ਮਈ ਬਾਣੀ ਸੰਜੁਕਤ ਗੁੜਤੀ ਦਿੱਤੀ ॥

ਸੋ ਖਾਲਸਾ ਜੀ ! ਇਹੀ "ਦਸਮ ਗੁਰ ਗਿਰਾ" ਬਾਣੀ ਹੈ ਜਿਸਨੇ ਖਾਲਸਾ ਪੰਥ ਨੂੰ ਸੂਰਬੀਰ ਤੇ ਬਲਬੀਰ ਜੋਧਾ ਬਨਾਯਾ। ਜਿਸਦੇ ਅਸਰ ਨੇ ਧਾਰਮਕ ਸੁਤੰਤ੍ਰਤਾ ਤੇ ਖਾਲਸਾ ਕੌਮ ਨੂੰ ਇਕ ਜੰਜੀਰੇ ਪਰੋਕੇ "ਸਰਬ ਲੋਹ" ਕੀ ਰੱਛਾ ਬਖਸ਼ੀ, ਯਾਂਤੇ ਜਦ ਤਕ ਇਸ "ਦਸਮ ਗੁਰ ਗਿਰਾ" ਬਾਣੀ ਦਾ ਪ੍ਰਚਾਰ ਸਾਡੇ ਵਿਚ ਰਹੇਗਾ ਤਦ ਤਕ ਅਸੀ ਜ਼ਿੰਦਾ ਹਾਂ ਤੇ ਬ੍ਰਿੱਧੀ ਪਰ ਹਾਂ ॥

ਪਸ ਇਸੇ "ਦਸਮ ਗੁਰ ਗਿਰਾ" ਬਾਣੀ ਦੇ ਪ੍ਰਚਾਰ ਵਾਸਤੇ ਤੇ ਸਾਡੇ ਭੋਲੇ ਭ੍ਰਾਵਾਂ ਦੀ ਗਜਾਤ ਹਿਤ ਇਹ **ਦਸਮ ਗ੍ਰੰਥ ਨਿਰਣਯ** ਨਾਮੀ ਪੁਸਤਕ ਆਪਦੇ ਪੇਸ਼ ਕੀਤਾ ਜਾਂਦਾ ਹੈ ॥

ਯਾਂਤੇ

ਜਰੂਰੀ ਹੈ ! ਜੋ ਆਪ ਇਸਨੂੰ ਵਿਚਾਰਦੇ ਹੋਏ ਤੇ:—

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰ ਬਾਣੀ ॥"

ਪੁਨਃ

"ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥ ਬਾਣੀ ਤ ਕੱਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਿੰਦੇ ਕੱਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥"

ਪੁਨਃ

"ਤਖਤ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥" ਆਦਿ ਗੁਰਵਾਕਾਂ ਨੂੰ ਹਿਰਦੇ ਵਿਚ ਵਸਾਂਦੇ ਹੋਏ ਇਸ "ਦਸਮ ਗ੍ਰੰਥ ਨਿਰਣਯ" ਅਨੁਸਾਰ ਸ੍ਰੀ ਦਸਮ ਗੁਰੂ ਜੀ ਦੀ ਬਾਣੀ ਦੇ ਪ੍ਰਚਾਰ ਵਾਸਤੇ "ਦਸ਼ਮ ਗ੍ਰੰਥ" ਵਿਚੋਂ ਖਾਲਸਾ ਧਰਮ ਨਿਯਮ ਪ੍ਰਗਟਾਊ " ਦਸਮ ਗੁਰ ਗਿਰਾ " ਨਾਮੇ ਬਾਣੀ ਨੂੰ ਅੱਡ ਸੰਗ੍ਰਹ ਕਰਕੇ "ਸਰਬੱਤ ਸਮੂਹ ਖਾਲਸਾ" ਜੀ ਵਿਚ ਬੀਰ ਰਸ ਤੇ ਨਾਮ ਰਸ ਦੀ ਮਿਲਵੀਂ ਮੌਜ ਲੈਣ ਲਈ ਇਸਦੇ ਪ੍ਰਚਾਰਦਾ ਪੂਰਨ ਯਤਨ ਕਰੋਗੇ॥

ਭਰੋਸਾ ਹੈ ! ਕਿ ਖਾਲਸਈ ਜੀਵਨ ਦਾ ਚਾਹਵਾਨ ਖਾਲਸਾ ਪੰਥ ਇਸ ਵਲ ਵਿਸ਼ੇਸ਼ ਧਯਾਨ ਦਿੰਦਾ ਹੋਯਾ ਨਿਹਾਲ ਕਰੇਗਾ ॥

ਲੇਖਕ ਖਾਲਸੇ ਦਾ ਸੇਵਕ—

ਰਣ ਸਿੰਘ ਅਕਾਲੀ

ਕਰਤਾ "ਦਸਮ ਗ੍ਰੰਥ ਨਿਰਣਯ"

ਮੀਤ ਸੇਵਕ ਸ੍ਰੀ ਗੁਰੂ ਸਿੰਘ ਸਭਾ ਭਸੌੜ

ਗਵਰਨਮੈਂਟ ਪਟਿਆਲਾ

ਵਿਗਯਾਪਨ

ਹੇਠਾਂ ਲਿਖੇ ਪੁਸਤਕ "ਪੰਚ ਖਾਲਸਾ ਦੀਵਾਨ" ਦੇ ਦਫਤਰ ਵਿਚੋਂ ਮਿਲਦੇ ਹਨ, ਜੋ ਕੀਮਤ ਨਕਦ ਆਵਨ ਪਰ ਯਾ ਵੀ. ਪੀ. ਦ੍ਵਾਰਾ ਭੇਜੇ ਜਾ ਸਕਦੇ ਹਨ:-

ਪੰਚ ਖਾਲਸਾ ਨਿੱਤਨੇਮ

ਇਸ ਵਿਚ ਨਿਰੋਲ ਨਿੱਤ ਨੇਮ ਦੀ ਬਾਣੀ ਅਰਥਾਤ ਜਪੁ, ਜਾਪ, ਰਹਿਰਾਸ, ਆਦਿਕ ਮੋਟੇ ਅੱਖਰਾਂ ਵਿਚ ਹੈ।
ਜਿਲਦ ਸਣੇ ਮੋਖ ਤਿੰਨ ਆਨੇ ≡)

ਨੀਤਿ ਸਾਰ

ਚਾਣਿਕਯ ਰਿਸ਼ੀ ਕ੍ਰਿਤ ਚਾਣਕ ਨਾਮ ਨੀਤਿ ਸੰਸਕ੍ਰਿਤ ਗ੍ਰੰਥ ਦਾ ਪੰਜਾਬੀ ਅਨੁਵਾਦ,ਜੋ ਆਮ ਕਰਕੇ ਸਭ, ਤੇ ਖਾਸ ਕਰਕੇ ਖਾਲਸਾ ਧਰਮੀਆਂ ਦੀ ਵਰਤੋਂ ਹਿਤ ਸੋਧਕੇ ਛਪਾਯਾ ਹੈ। ਕੀਮਤ –)॥

ਬੁੱਧ ਪ੍ਰਕਾਸ਼

ਸ਼ੁਕਤਾਵਲੀ (ਸਾਰੁਕਤਾਵਲੀ) ਨਾਮੇਂ ਪ੍ਰਸਿੱਧ ਨੀਤਿ ਗ੍ਰੰਥ ਦਾ ਪੰਜਾਬੀ ਅਨੁਵਾਦ, ਜੋ ਆਮ ਕਰਕੇ ਸਭਨਾਂ, ਤੇ ਖਾਸ ਕਰਕੇ ਖਾਲਸਾ ਧਰਮੀਆਂ ਦੀ ਵਰਤੋਂ ਯੋਗ ਸੋਧਨਾ ਕਰਕੇ ਛਪਾਯਾ ਹੈ। ਕੀਮਤ ਦੋ ਆਨੇ =)

ਢੋਲ ਦਾ ਪੋਲ

ਇਸ ਵਿਚ ਦੇਹ ਧਾਰੀ ਗੁਰੂ ਦਾ ਖੰਡਨ ਗੁਰਸਬਦਾਂ ਦੇ ਪ੍ਰਮਾਣਾਂ ਦ੍ਵਾਰਾ ਹੈ । ਮੋਖ ਤਿੰਨ ਆਨੇ ≡)

ਵਿਹਾਰ ਸੁਧਾਰ

ਇਸ ਵਿਚ ਸਰਲ ਕਵਿਤਾ ਦ੍ਵਾਰਾ ਜਨਮ ਤੇ ਲੈ ਦੇਹਾਂਤ ਤਕ ਸਾਡੇ ਦੇਸ ਦੀਆਂ ਪ੍ਰਚਲਤ ਮਨਮਤਾਂ ਦਾ ਭਲੀ ਪ੍ਰਕਾਰ ਖੰਡਨ ਹੈ। ਜਿਲਦ ਸਮੇਤ ਮੋਖ ਅੱਠ ਆਨੇ ॥)

ਗੁਰ ਗ੍ਯਾਨ ਪ੍ਰਕਾਸ਼

ਇਸ ਵਿਚ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਚੋਣਵੇਂ ਸ਼ਬਦ ਜੋ (ਉਪਦੇਸ਼, ਪ੍ਰਾਰਥਨਾਂ, ਸਤਜ, ਵੈਰਾਗ, ਨਾਮ ਪ੍ਰਬੋਧ) ਪੰਜਾਂ ਭਾਗਾਂ ਵਿਚ ਦਰਜ ਹਨ, ਖਾਸ ਕਰ ਉਪਦੇਸ਼ਕਾਂ ਰਾਗੀ ਤੇ ਕੀਰਤਨੀ ਸਿੰਘਾਂ ਦੇ ਵਰਤੋਂ ਯੋਗ ਹੈ। ਜਿਲਦ ਸਮੇਤ ਮੋਖ ਛੀ ਆਨੇ ।=)

ਖ਼ਾਲਸਾ ਰਹਿਤ ਪ੍ਰਕਾਸ਼

ਜਿਸਨੂੰ "ਪੰਚ ਖਾਲਸਾ" ਨੇ ੧ ਵੈਸਾਖ ਸੰ: ੪੩੯ ਨੂੰ ਸ੍ਰੀ ਦਰਬਾਰ ਦਮਦਮਾਂ (ਤਲਵੰਡੀ) ਸਾਹਿਬ ਵਿਖੇ ਸੋਧਕੇ ਖਾਲਸਾ ਜੀ ਦੀ ਵਿਚਾਰ ਤੇ ਪ੍ਰਵਾਨਗੀ ਲਈ ਛਪਵਾਇਆ ਸੀ, ਸੋ ਫੇਰ ਛਪਿਆ ਹੈ ॥ ਪੰਜ ਆਨੇ ।–)

ਹਮ ਹਿੰਦੂ ਨਹੀਂ

ਇਸ ਵਿਚ ਖਾਲਸਾ ਧਰਮ ਨੂੰ ਅਨਮਤਾਂ ਦੇ ਮੁਕਾਬਲੇ ਭਲੀ ਪ੍ਰਕਾਰ ਨਿਰੂਪਣ ਕੀਤਾ ਹੈ, ਕ੍ਰਿਤ ਸਰਦਾਰ ਕਾਹਨ ਸਿੰਘ ਜੀ ਸਾਹਿਬ ਕਰਤਾ ਗੁਰਮਤ ਸੁਧਾਕਰ ਤੇ ਗੁਰਮਤ ਪ੍ਰਭਾਕਰ ਆਦਿ ਮੋਖ ਬਾਰਾਂ ਆਨੇ ।||)

ਕੀਰਤਨੀ ਆਸਾ ਦੀ ਵਾਰ

ਇਸ ਦ੍ਵਾਰਾ ਪੰਜ ਦਿਨ ਇੱਕ ਰਸ ਵੱਖੋ ਵੱਖ ਵਿਸ਼ਯ ਪਰ ਆਸਾ ਦੀ ਵਾਰ ਦਾ ਕੀਰਤਨ ਉਪਦੇਸ਼, ਪ੍ਰਾਰਥਨਾਂ, ਸਤਜ, ਵੈਰਾਗ, ਅਤੇ ਨਾਮ ਪ੍ਰਬੋਧ ਦੇ ਸ਼ਬਦਾਂ ਦ੍ਵਾਰਾ ਹੋ ਸਕਦਾ ਹੈ, ਅਰ ਛੱਕੇ ਤੇ ਛੰਦ ਭੀ ਨਾਲ ਹਨ। ਸਮੇਤ ਜਿਲਦ ਢਾਈ ਆਨੇ =)||

ਲੇਃ ਖਾਃ ਕ੍ਰਿਃ

ਬਾਬੂ ਤੇਜਾ ਸਿੰਘ ਪਿਨਸ਼ਨਰ ਓਵਰਸੀਅਰ
ਸੇਵਕ–ਪੰਚ ਖਾਲਸਾ ਦੀਵਾਨ
ਮੁਕਾਮ "ਪੰਚ ਖੰਡ" ਡਾਕਖ਼ਾਨਾ ਭਸੌੜ, ਗਵਰਨਮੈਂਟ ਪਟਿਆਲਾ

੧ ਓ ਵਾਹਿਗੁਰੂ ਜੀ ਕੀ ਫਤਹ ॥

ਭੂਮਿਕਾ

ਸਿਖ ਇਤਿਹਾਸ ਵਿਚ ਜੋ ਹੇਰਾ ਫੇਰੀ ਹੁੰਦੀ ਆ ਹੈ, ਉਸਦਾ ਸਬੂਤ ਸਾਨੂੰ ਸਿਖ ਇਤਿਹਾਸ ਵਿਚ ਇਸ ਪ੍ਰਕ ਮਿਲਦਾ ਹੈ:-

੧

ਭਾਈ ਮਨੀ ਸਿੰਘ ਜੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਆਰੰਭ ਵਿਚ ਲਿਖਦੇ ਹਨ:-

ਪ੍ਰਸ਼ਨ-ਇਕ ਸਮੇਂ ਭਾਈ ਮਨੀ ਸਿੰਘ ਜੀ ਕੇ ਪਾਸ ਸਿਖਾਂ ਨੇ ਬੇਨਤੀ ਕੀਤੀ, ਕਿ ਗੋਸ਼ਟ 'ਜਨਮ ਸਾਖੀ ਪਹਿਲੀ ਪਾਤਸ਼ਾਹੀ' ਦੀ ਜੋ ਹੈ ਉਸਦੇ ਵਿਚ "ਛੋਟੇ ਮੇਲ ਵਾਲਿਆਂ" ਨੇ "ਕਈ ਜੁਗਤਾਂ ਅਣਬਣਦੀਆਂ ਪਾਇ ਦਿੱਤੀਆਂ ਹੈਨ" ਜਿਸਨੂੰ ਸੁਣਕੇ ਸਿੱਖਾਂ ਦਾ ਸਿਦਕ ਗੁਰੂ ਵਲੋਂ ਘਟ ਜਾਂਦਾ ਹੈ। ਜੈਸੇ ਦੁਧ ਮੇਂ ਪਾਣੀ ਰਲਾਇ ਦਿਚੇ ਤੇ ਹੰਸ ਉਸਨੂੰ ਭਿੰਨ ਭਿੰਨ ਕਰ ਲੈਂਦਾ ਹੈ, ਤੈਸੇ ਤੁਸੀਂ ਮਹਾਂ ਹੰਸ ਹੋ, ਕ੍ਰਿਪਾ ਕਰਕੇ "ਗੁਰੂ ਕੇ ਬਚਨ" ਤੇ "ਮੀਣਿਆਂ ਕੇ ਬਚਨ" ਭਿੰਨ ਭਿੰਨ ਕਰ ਦੇਵੋ ?

ਉਤ੍ਰ-ਤਾਂ ਭਾਇ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਸ ਸਮੇਂ ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮ੍ਰਿਯਾਦਾ ਕੀਤੀ ਹੈ, ਤਿਸ ਸਮੇਂ ਸਿਖਾਂ ਅਰਦਾਸ ਕੀਤੀ, ਜੋ ਗੋਸ਼ਟਾਂ ਦੀ ਮ੍ਰਿਯਾਦਾ ਕੋਈ ਨਹੀਂ ਹੋਈ, ਮਤ

"ਪੰਜਾਂ ਮੇਲਾਂ ਵਾਲੇ"* ਜਨਮ ਸਾਖੀ ਵਿਚ ਅਜੁ ਪਾਇਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਨ। ਤਾਂ ਭਾਈ ਗੁ ਦਾਸ ਜੀ ਨੂੰ ਬਚਨ ਹੋਇਆ ਕਿ ਤੁਸਾਂ ਜਨਮ ਸਾਖੀ ਦੀ ਤੁਕ "ਵਾਰ" ਕਰਨੀ, ਜੋ ਗੁਰੂ ਕੇ ਸਿਖ ਉਸ "ਵਾਰ" ਦੇ ਅਨੁਸਾਰੀ ਸਾਖੀ ਨੂੰ ਸੁਣਨ ਪੜ੍ਹਨਗੇ, ਤਾਹੀਂ ਤੇ ਭਾਈ ਗੁਰ-ਦਾਸ ਜੀ ਦੀ ਜੋ ਵਾਰ ਹੈ (ਗਿਆਨ ਰਤਨਾਵਲੀ) ਸੋਈ ਜਨਮ ਸਾਖੀ ਹੈ।

ਪ੍ਰਸ਼ਨ—ਫੇਰ ਸਿਖਾਂ ਕਹਿਆ ਉਹ ਤਾਂ "ਸਾਖੀ ਸੂਚਨਾਂ" ਕੀਤੀ ਹੋਈ ਹੈ। ਤੁਸੀ ਕਿਰਪਾ ਕਰਕੇ ਉਸਦਾ ਟੀਕਾ ਵਿਸਥਾਰ ਨਾਲ ਕਰ ਦੇਵੋ, ਜੋ ਸਿਖਾਂ ਨੂੰ ਸੁਣਕੇ ਸ਼ਰਧਾ ਉਪਜੇ।

ਉਤ੍ਰ—ਤਾਂ ਭਾਈ ਮਨੀ ਸਿੰਘ ਜੀ ਕਹਿਆ "ਜੈਸੇ ਚੀਟੀ ਸੇ ਹਸਤੀ ਕਾ ਭਾਰ ਉਠਾਯਾ ਨਹੀਂ ਜਾਂਦਾ, ਅਰ ਤਲਾਊ ਕੇ ਕੱਛੂ ਸੇ ਮੰਦ੍ਰਾਚਲ ਪਰਬਤ ਚੁਕਿਆ ਨਹੀਂ ਜਾਂਦਾ ਤੈਸੇ ਮੁਝਸੇ "ਸ੍ਰੀ ਬਾਬੇ ਜੀ" ਦੀ ਗੋਸ਼ਟ ਦਾ ਟੀਕਾ ਕੀਤਾ ਨਹੀਂ ਜਾਂਦਾ। ਪਰ ਜੈਸੇ ਤਾਰੂ ਪੁਰਖ ਨਦੀ ਕੇ ਬੀਚ ਕਾਨੇ ਢੂੰਗ ਜਾਤੇ ਹੈਂ, ਤਾਂ ਉਸ ਰਾਹ ਅਣਜਾਣੂ ਭੀ ਪਾਰ ਲੰਘ ਜਾਤੇ ਹੈਂ। ਤੈਸੇ "ਮੈਂ" ਭੀ ਭਾਈ ਗੁਰਦਾਸ ਜੀ ਦੀ ਵਾਰ ਕੋ ਮੁਖ ਰਖਕੇ ਉਸਦੇ ਅਨੁਸਾਰ ਅਤੇ ਜੋ 'ਦਸਵੀਂ ਪਾਤਸ਼ਾਹੀ' ਦੇ ਦਰਬਾਰ ਥੀਂ ਸਾਖੀਆਂ ਸੁਣੀਆਂ ਹੈਂਨ, ਉਨ੍ਹਾਂ ਦੇ ਅਨੁਸਾਰ

---

*ਮੀਣੇ, ਮਸੰਦ, ਰਾਮ ਰਾਈਏ, ਧੀਰ ਮਲੀਏ ਸਿਰ ਗੁੰਮ।

ਜੋ ਕੁਛ 'ਮੇਰੀ' ਤੁੱਠਾ ਬੁੱਧੀ ਮੇਂ ਆਂਵਦਾ ਹੈ,ਸੋ 'ਮੈਂ' ਤੁਸਾਡੇ ਅੱਗੇ 'ਟੀਕਾ' ਕਰਕੇ ਸੁਣਾਂਵਦਾ ਹਾਂ''।

ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰੀ ਸਿੰਘ ਹੋਏ ਹਨ। ਸਿਖ ਇਤਿਹਾਸਦੀਆਂ ਸਾਖੀਆਂ ਵਿਚ ਗੜ ਬੜ ਪੈਣ ਦੀ ਸ਼ਕਾਇਤ ਉਹਨਾਂ ਦੇ ਸਮੇਂ ਭੀ ਸੀ। ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭੀ ਸਿਖਾਂ ਨੇ ਏਹ ਅਰਦਾਸ ਗੁਰੂ ਜੀਦੀ ਸੇਵਾ ਵਿਚ ਕੀਤੀ ਸੀ। ਤਾਂਤੇ ਪਤਾ ਲਗਦਾ ਹੈ,ਕਿ ਏਹ ਸ਼ਕਾਇਤ ਲਗ ਭਗ ੩ ਸਦੀਆਂ ਤੋਂ ਚਲੀ ਆਉਂਦੀ ਹੈ,ਕਿ 'ਮੀਣੇ ਜਾਂ ਛੋਟੇ ਮੇਲ ਵਾਲੇ' ਸਿਖ-ਇਤਹਾਸ ਨੂੰ ਵਿਗਾੜ ਕੇ ਸਿਖਾਂ ਨੂੰ ਨੁਕਸਾਨ ਦੇਣਾ ਚਾਹੁੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਉਹਨਾਂ ਦੇ ਬੜੇ ਭਾਈ ਸੋਢੀ ਪ੍ਰਿਥੀ ਚੰਦ ਜੀ ਦੀ ਖਿਚਾਖਿਚੀ ਸਿਖ ਇਤਿਹਾਸ ਵਿਚ ਅਦਲਾ ਬਦਲੀ ਹੋਣ ਦਾ ਕਾਰਨ ਹੋਈ। ਇਸ ਖਿਚਾ ਖਿਚੀ ਤੋਂ ਸਿਖਾਂ ਦੇ ਸਿਦਕ ਦੀ ਰਖਿਆ ਕਰਨ ਲਈ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਲਿਖੀ। ਭਾਈ ਮਨੀ ਸਿੰਘ ਜੀ ਨੇ 'ਪੰਜਾਂ ਮੇਲਾਂ' ਵਾਲਿਆਂ ਤੋਂ ਸਿਖ ਇਤਹਾਸ ਦੀ ਰੱਖਿਆ ਕਰਨ ਲਈ ਭਾਈ ਗੁਰਦਾਸ ਜੀਦੀ ਪਹਿਲੀ ਵਾਰ ਦੇ ਆਧਾਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖੀ। ਪਰ ਉਸ ਵਿਚ ਭੀ ਪਿਛੋਂ ਹੇਰਾ ਫੇਰੀ ਹੋ ਗਈ।

੨

ਸਿਖ ਇਤਿਹਾਸ ਨੂੰ ਰਾਹੂ ਕੇਤੂ ਲਗਨ ਦਾ ਦੂਸਰਾ ਸਬੂਤ "ਸ੍ਰੀ ਗੁਰੂ ਨਾਨਕ ਪ੍ਰਕਾਸ਼" ਵਿਚ ਮਿਲਦਾ ਹੈ।

ਭਾਈ ਸੰਤੋਖ ਸਿੰਘ ਜੀ 'ਸਰੋਤਨ ਸੰਦੇਹ ਮਿਟਾਵਨ' ਲਈ ਇਸ ਪਰਕਾਰ ਲਿਖਦੇ ਹਨ:–

ਚੌਪਈ

ਕੀਰਤਿ ਨਿਰਮਲ ਸੁਖਦ ਸੁਧਾ ਸੀ।
ਸੁਰ ਸਿਖਨ ਹਿਤ ਸੁੱਧ ਨਿਕਾਸੀ।
ਨਿਸਚਰ ਸਾਕਤ ਸਮ ਮਤਵਾਰੇ।
ਦੇਯ ਨ ਪੀਯਨ, ਬਿਘਨ ਪਸਾਰੇ ॥ ੨ ॥
ਭਯੋ ਰਾਹਿ ਹਿੰਦਾਲੇ ਜਾਯਾ।
ਜਿਨ ਪੁਸਤਕ ਬਿਪਰੀਤਿ ਬਨਾਯਾ।
ਜਸ ਰਾਕਾ ਸਸਿ ਗ੍ਰਸਨ ਕੀਨਾ।
ਮੂਰਖ ਮਤਿ ਕਲਿ ਮਲਨ ਮਲੀਨਾ ॥ ੪ ॥

ਦੋਹਿਰਾ

ਪੂਰਬ ਪੋਥੀ ਜੋ ਲਿਖੀ 'ਸ੍ਰੀ ਨਾਨਕ ਇਤਿਹਾਸ'।
ਲਿਖਵਾਈ ਅੰਗਦ 'ਗੁਰੂ' ਬਾਲੇ ਬਦਨ ਪ੍ਰਕਾਸ਼ ॥੧੩॥

ਚੌਪਈ

ਜਬ ਬੈਕੁੰਠ ਅੰਗਦ ਗੁਰ ਗਏ।
ਅਮਰ ਦਾਸ ਗੁਰ ਹੋਵਤ ਭਏ।
ਬਹੁ ਸਿਖਨ ਕੋ ਕੀਨ 'ਉਧਾਰਾ'।
ਦੰਭ ਮਾਰਗ ਭਵ ਨਿਰਵਾਰਾ ॥ ੧੪ ॥
ਅਮਰ ਦਾਸ ਗੁਰ ਤੇ ਪਸਚਾਤਾ।
ਰਾਮਦਾਸ ਭੇ ਭਵ ਬਖਜਾਤਾ।
ਤਿਨ ਹਦੂਰ ਸਿਖ ਭਯੋ 'ਹਿੰਦਾਲਾ'।
ਤਾਂ ਪਰ ਸ੍ਰੀ ਗੁਰੁ ਬਹੁਤ ਕ੍ਰਿਪਾਲਾ ॥ ੧੫ ॥

ਦੋਹਿਰਾ

ਤਿਹ ਕੀ ਸੰਤਤਿ ਕੇ ਵਿਖੈ ਇਕ ਸਾਕਤ ਭਾ ਨੀਚ।
'ਸ੍ਰੀਨਾਨਕ ਇਤਿਹਾਸ'ਜੋ ਆਵਾ ਤਿਹ ਕਰ ਬੀਚ।੨੧।

ਚੌਪਈ

"ਗੁਰ ਅੰਗਦ ਜੀ ਜੋ ਲਿਖਵਾਈ।
ਵਹੁ ਨਹਿ ਲਿਖੀ,ਰਹੀ ਇਕ ਥਾਈ।"
ਇਕ 'ਕਬੀਰ ਬੰਸੀ' ਮਿਲ ਤਾਹੀ
ਸੋ ਪੋਥੀ ਪਢ ਗੁਨ ਮਨ ਮਾਹੀ ॥ ੨੨॥
ਕਰ ਕੁ-ਕਰਮ'ਅਨ'ਸੋਧ ਬਨਾਈ।
ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ।
ਜਿਨਕੇ ਪਢਨ ਸੁਨਤਿ ਅਘ ਪਾਏ ॥ ੨੩॥
"ਪੂਰਬ ਪੋਥੀ ਹੁਤੀ ਜੁ ਸੋਈ।
ਦਈ ਬਿਪਾਸਾ ਬੀਚ ਡਬੋਈ ॥ ੨੭ ॥
ਪਨੇ ਛੇਦੇ ਦਏ ਬਹਾਈ।
ਜੋ ਸ੍ਰੀ ਗੁਰੁ ਅੰਗਦ ਲਿਖਵਾਈ" ॥ ੨੮ ॥

ਚੌਪਈ

ਜੋ ਸਾਕਤ ਕੀ ਕਹੀ 'ਕੁ-ਸਾਖੀ'।
ਖੀਰ ਬੀਚ ਸੋ ਜਾਨਹੁ ਮਾਖੀ।
ਕਾਢਹਿ ਮਾਖੀ ਦੇਖਹਿ ਜੋਊ।
ਪੀਵਹਿ ਪਾਇ ਮਿਸਟ ਸਿਖ ਸੋਊ ॥ ੩੪ ॥
ਕੀਰਤਿ ਨਿਰਮਲ ਜੋ ਉਰ ਧਾਰਹਿ।

ਕਹੀ 'ਕੁ-ਸਾਖੀ' ਸੋ ਨਿਰਵਾਰਹਿ ॥ ੩੫ ॥
[ਪੂਰਬਾਰਧ, ਅਧਿਆਇ ੩੭]

ਭਾਈ ਮਨੀ ਸਿੰਘ ਜੀ ਦੇ ਪਿਛੋਂ ਭਾਈ ਸੰਤੋਖ ਸਿੰਘ ਜੀਦੀ ਵਾਰੀ ਆਈ। ਕਵਿ ਸੰਤੋਖਸਿੰਘ ਜੀ ਲਿਖਦੇ ਹਨ ਕਿ ਗੁਰਮਖਗੁਰੂ ਅੰਗਦ ਦੇਵ ਜੀ ਨੇ ਅਪਨੇ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਜੀ ਦੀ ਜਨਮਸਾਖੀ ਲਿਖਵਾਈ ਸੀ।ਉਸ ਜਨਮ ਸਾਖੀ ਦੇ ਉਤਾਰੇ ਨਹੀਂ ਹੋਏ ਸਨ।ਉਹ ਅਸਲ ਪੋਥੀ ਭਾਈ ਹਿੰਦਾਲ ਜੀ ਦੀ ਸੰਤਾਨ ਦੇ ਹੱਥ ਚੜ੍ਹ ਗਈ। ਭਾਈ ਹਿੰਦਾਲ ਦੀ ਸੰਤਾਨ ਨੇ ਉਹ ਅਸਲ ਜਨਮ ਸਾਖੀ ਪਾੜ ਕੇ ਬਿਆਸਾ ਨਦੀ ਵਿਚ ਪਰਵਾਹ ਦਿਤੀ। ਭਾਈ ਹਿੰਦਾਲ ਦੀ ਸੰਤਾਨ ਨੇ ਇਕ 'ਕੁ-ਸਾਖੀ' ਲਿਖੀ। ਅੱਜ ਕੱਲ ਭਾਈ ਬਾਲੇ ਦੇ ਨਾਮ ਤੇ ਜਨਮ ਸਾਖੀ ਪ੍ਰਚੱਲਿਤ ਹੈ। ਉਸ ਵਿਚੋਂ ਸਾਖੀਆਂ ਛਾਂਟਕੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤਿਆਰ ਹੋਇਆ। ਤਾਂਤੇ ਸਿਖ ਦੇਖ ਸਕਦੇ ਹਨ ਕਿ ਸ੍ਰੀ ਗੁਰੂ ਨਾਨਕ ਇਤਿਹਾਸ ਕਿੰਨਾ ਕੁ ਪਰਮਾਨੀਕ ਹੈ।

ਭਾਈ ਸੰਤੋਖ ਸਿੰਘ ਜੀ ਏਹ ਭੀ ਲਿਖਦੇ ਹਨ ਕਿ ਭਾਈ ਹਿੰਦਾਲ ਜੀ ਦੀ ਸੰਤਾਨ ਨੇ ਕਿਸੇ 'ਕਬੀਰ ਬੰਸੀ' ਨਾਲ ਮਿਲ ਕੇ 'ਕੁ-ਸਾਖੀ' ਲਿਖੀ। (ਜਿਸਦੇ ਉਤਾਰੇ ਸਿੱਖਾਂ ਪ੍ਰਚੱਲਿਤ ਹੋਏ)।

ਵੀਚਾਰ: ਗੋਚਰੀ ਗੱਲ ਏਹ ਹੈ, ਕਿ ਕੀ ਭਾਈ ਹਿੰਦਾਲ ਦੀ ਸੰਤਾਨ ਸੋਢੀ ਪ੍ਰਿਥੀ ਚੰਦ ਤੇ ਸੋਢੀ ਮੇਹਰਬਾਨ ਜੀ ਦੇ 'ਮਸੰਦ' ਤਾਂ ਨਹੀਂ ਜਾ ਬਣੇ ਸਨ ? ਭਾਈ ਹਿੰਦਾਲ ਜੀ ੨੨ ਮੰਜੀਆਂ ਦੇ ਮਸੰਦਾਂ ਵਿਚ ਸ਼ਾਮਲ ਹਨ।ਅੱਜ ਕੱਲ

ਏਹ ਉਦਾਸੀਆਂ* ਵਿਚ ਸ਼ਾਮਲ ਹਨ ।ਤਾਂਤੇ ਸਿੱਖ ਇਤਿਹਾਸ ਵਿਚ ਬਦਲਾ ਸਦਲੀ ਕਰਨ ਵਿਚ ਮੀਣੇ, ਮਸੰਦਾਂ ਤੇ ਕਬੀਰ ਪੰਥੀਆਂ ਦਾ ਹੱਥ ਸੀ। ਕੀ ਮੁਸਲਮਾਨ ਹਾਕਮ ਵਕਤ ਇਸ ਵਿਚ ਸ਼ਾਮਲ ਸਨ ? ਇਤਿਹਾਸ ਦੇ ਖੋਜੀ ਆਪ ਖੋਜ ਲੈਣ।

ਸਿੱਖ ਇਤਿਹਾਸ ਦੇ ਪਠਨ ਪਾਠਨ ਤੋਂ ਪਤਾ ਲਗਦਾ ਹੈ, ਕਿ ਮਗਰੋਂ ਭੀ ਸਿੱਖ ਇਤਿਹਾਸ ਵਿਚ ਹੇਰਾ ਫੇਰੀ ਜਾਰੀ ਰਹੀ। ਸਿੰਘ ਜੁੱਧਾਂ ਵਿਚ ਲੱਗੇ ਰਹੇ, ਇਤਿਹਾਸ ਵੱਲ ਧਿਆਨ ਹੀ ਨਾ ਦਿੱਤਾ। ਇਸ ਅਨਗਹਿਲੀ ਦਾ ਫਲ "ਪੰਥ ਦੀ ਦੁਰਦਸ਼ਾ" ਅੱਖਾਂ ਦੇ ਸਾਹਮਣੇ ਹੈ। ਅਸਾਂ ਇਸ ਪੁਸਤਕ ਵਿਚ ਸਿੱਖ ਇਤਿਹਾਸ ਦੀਆਂ ਤਿੰਨ ਪ੍ਰਚੱਲਿਤ ਸਾਖੀਆਂ ਤੇ (ਸਿੱਖ ਇਤਿਹਾਸ ਦੇ ਗ੍ਰੰਥਾਂ ਦੇ ਆਧਾਰ ਤੇ) ਵੀਚਾਰ ਕੀਤੀ ਹੈ। ਭਰੋਸਾ ਹੈ, ਕਿ ਪੰਥ ਤੇ ਪਾਠਕ ਇਸ ਪਾਸੇ ਧਿਆਨ ਦੇਣਗੇ ਤੇ ਅਪਨੀਆਂ ਆਉਣ ਵਾਲੀਆਂ ਸੰਤਾਨਾਂ ਲਈ ਕੋਈ ਉਪਰਾਲਾ ਕਰਨਗੇ।

ਅੰਮ੍ਰਿਤਸਰ ਅੱਸੂ ੧, ੧੯੮੬ ਬਿ:	ਜਵਾਲਾ ਸਿੰਘ

---

*(ੳ) ਹਿੰਦਾਲ ਦਾਸ ਨਗਰ ਜੰਡਯਾਲੇ ਦਾ ਰਹਿਣ ਵਾਲਾ ਸੀ। ਹਿੰਦਾਲ ਦਾਸ ਦਾ ਚੇਲਾ 'ਬਿਧੀ ਚੰਦ' ਮਹੰਤ ਭਯਾ, ਤਿਸਦਾ ਬੇਟਾ ਚੇਲਾ 'ਦੇਵੀ ਦਾਸ'। ਇਨੋਂ ਕੀ ਸੰਪ੍ਰਦਾ 'ਸੰਤੋਂ ਕੀ' ਚੱਲਤੀ ਹੈ। [ਪੰਨਾ ਪ੨੬ (ਉਦਾਸੀਨ ਮਤ ਦਰਪਣ)

(ਅ) 'ਸ੍ਰੀ ਬਾਵਾ ਹਿੰਦਾਲ ਨਿਰੰਜਨ ਰਾਇ ਜੀ ਬਿ: ੧੬੧੨ ਮੱਘਰ ਪ 'ਸਾਧ ਓਦਾਸੀ' ਹੋਏ ਜਿਨ੍ਹਾਂ ਦੀ ਸੰਪ੍ਰਦਾ ਅਜੇ ਤਾਈਂ ਚਲਦੀ ਹੈ। [ਪੰਨਾ ੧੦੭ (ਉਦਾਸੀਨ ਮਤ ਦਰਪਣ)

੧ ੴ ਵਾਹਿਗੁਰੂ ਜੀ ਕੀ ਫਤਹ ॥

ਸਿੱਖ ਇਤਿਹਾਸ

ਮੁਲਤਾਨ ਦੀ ਸਾਖੀ

ਸਿੱਖੀ ਦੀ ਨੀਂਹ ਸਤਿਗੁਰੂ ਨਾਨਕ ਦੇਵ ਜੀ ਨੇ ਰੱਖੀ। ਆਪ ਜਗਤ ਪ੍ਰਸਿੱਧ ਮਹਾਂ ਪੁਰਖ ਹੋਏ ਹਨ। ਜਨਮ ਸਾਖੀ ਲਿਖਨ ਵਾਲਿਆਂ ਸਮੇਂ ਤੇ ਬੁਧੀ ਅਨੁਸਾਰ ਗੁਰੂ ਜੀ ਦਾ ਜੀਵਨ ਚਰਿੱਤ੍ਰ ਲਿਖਿਆ। ਗੁਰਬਾਣੀ ਵਿਚ 'ਗੁਰ ਨਾਨਕ ਦੇਵ ਜੀ ਨੂੰ ਗੋਬਿੰਦ ਰੂਪ' ਮੰਨਿਆ ਹੈ। ਕੋਈ ਆਪ ਨੂੰ ਬਾਲਾ, ਤਪਾ, ਸ਼ਾਹ, ਬਾਬਾ, ਪੀਰ, ਵਲੀ, ਕਲੰਦਰ ਤੇ ਰਿਖੀ ਨਾਮ ਨਾਲ ਪੁਕਾਰਦਾ ਹੈ। ਬਾਬਾਣੀਆਂ ਕਹਾਣੀਆਂ ਦਾ ਪ੍ਰਚਾਰ ਸਿੱਖ ਸੰਗਤਾਂ ਵਿੱਚ ਜਾਰੀ ਹੈ, ਪਰ ਸਿੱਖ ਇਤਿਹਾਸ-ਕਾਰਾਂ ਨੇ 'ਗੁਰ ਭਗਤੀ' ਨੂੰ ਮੁੱਖਿ ਰਖਿਆ ਹੈ ਅਰ ਇਤਿਹਾਸ ਵੱਲ ਘੱਟ ਧਿਆਨ ਦਿੱਤਾ ਹੈ। ਸਮੇਂ ਨਾਲ ਸਿਖ ਹੁਣ ਪ੍ਰਦੇਸਾਂ ਵਿਚ ਜਾਕੇ ਵਸ ਰਹੇ ਹਨ। ਪਰਦੇਸ ਨਿਵਾਸੀ ਸਿੱਖਾਂ ਦੀ ਸੰਤਾਨ ਤੇ ਪ੍ਰਦੇਸੀ ਜਦ ਸਿਖ ਇਤਿਹਾਸ ਨੂੰ ਪੜ੍ਹਨਗੇ ਤਾਂ ਹੈਰਾਨ ਹੋਣਗੇ, ਕਿ ਸਿੱਖ ਤਵਾਰੀਖ ਲਿਖਣ ਵਾਲਿਆਂ ਨੇ ਕਿੰਨੀ ਲਾ ਪਰਵਾਹੀ ਨਾਲ ਸਿਖ ਇਤਿਹਾਸ ਲਿਖਿਆ ਹੈ। ਤਾਂ ਤੇ ਸਿੱਖ ਪੰਥ ਨੂੰ ਸਿਖ ਇਤਿਹਾਸ ਵੱਲ ਛੇਤੀ ਹੀ ਧਿਆਨ ਦੇਣਾ ਚਾਹੀਦਾ ਹੈ। ਨਹੀਂ ਤਾਂ ਦੇਸ ਤੇ ਪ੍ਰਦੇਸਾਂ ਵਿਚ ਸਿੱਖ ਇਤਿਹਾਸ ਬਾਬਤ ਭੁੱਲਾਂ ਫੈਲ ਜਾਣ-ਗੀਆਂ ਤੇ ਫੇਰ ਸੁਧਾਰ ਹੋਣਾ ਔਖਾ ਹੋ ਜਾਊ। ਇਤਿਹਾਸਕ

ਲਾਪਰਵਾਹੀ ਦੀ ਵੰਨਗੀ ਦਿਖਾਉਣ ਲਈ ਅਸੀਂ ਗੁਰੂ ਜੀ ਦੀ 'ਮੁਲਤਾਨ ਦੀ ਸਾਖੀ' ਦ ਹਾਲ ਪੰਥ ਪ੍ਰਸਿੱਧ ਸਾਖੀਆਂ ਵਿਚੋਂ ਹੇਠਾਂ ਲਿਖਦੇ ਹਾਂ:—

੧

ਭਾਈ ਗੁਰਦਾਸ ਜੀ ਭੱਲੇ, ਮੁਲਤਾਨ ਦੀ ਜ਼ਿਆਰਤ ਦਾ ਜ਼ਿਕਰ 'ਪਹਿਲੀ ਵਾਰ' ਵਿਚ ਇਸ ਪ੍ਰਕਾਰ ਕਰਦੇ ਹਨ:—

ਬਾਬਾ ਆਯਾ **ਕਰਤਾਰ ਪੁਰ** ਭੇਖ ਉਦਾਸੀ ਸਗਲ ਉਤਾਰਾ।
[ਵਾ: ੧, ਪ: ੩੮

ਮੇਲਾ ਸੁਣ ਸ਼ਿਵਰਾਤ ਦਾ ਬਾਬਾ **ਅਚਲ ਵਟਾਲੇ** ਆਈ।
[ਵਾ: ੧, ਪ: ੩੯

ਮੇਲਿਓਂ ਬਾਬਾ ਉਠਿਆ **ਮੁਲਤਾਨੇ** ਦੀ ਜ਼ਯਾਰਤ ਜਾਈ।
ਅੱਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ।
ਬਾਬੇ ਕੱਢ ਕਰ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ।
ਜਿਉਂ ਸਾਗਰ ਵਿਚ ਗੰਗ ਸਮਾਈ।
[ਵਾ: ੧, ਪ: ੪੪

ਜ਼ਿਆਰਤ ਕਰ **ਮੁਲਤਾਨ** ਦੀ ਫਿਰ **ਕਰਤਾਰਪੁਰੇ** ਨੂੰ ਆਯਾ। [ਵਾ: ੧, ਪ: ੪੫

੨

ਭਾਈ ਬਾਲੇ ਦੀ ਸਾਖੀ ਸਫਾ ੫੬੬ ਤੇ ਲਿਖਿਆ ਹੈ:—

"ਸ੍ਰੀ ਗੁਰੂ ਨਾਨਕ ਦੇਵ ਜੀ 'ਮਰਦਾਨੇ' ਦੀ ਆਸ-ਵਾਰੀ ਪੂਰਨ ਕਰਕੇ ਜਿਉਂ ਉਥੋਂ (ਖੁਰਮ ਸ਼ੈਹਰ ਤੋਂ) ਚਲੇ, ਜਾਂਦੇ ਜਾਂਦੇ 'ਮੁਲਤਾਨ' ਦੇ ਬਾਹਰ ਆ ਬੈਠੇ। ਜਿੱਥੇ ਸ਼ਮਸ ਤਬਰੇਜ਼ ਦਾ ਮਕਾਨ ਹੈ। ਜਿੱਥੇ ਸ਼ਮਸ ਤਬਰੇਜ਼ ਨੇ ਤਪ ਕੀਤਾ ਸੀ। ਉਥੇ ਗੁਰੂ ਜੀ ਬੈਠੇ ਤਾਂ ਪੀਰਾਂ ਨੇ ਸੁਣਿਆਂ ਇੱਕ ਹਿੰਦੂ ਫਕੀਰ ਆਯਾ ਹੈ। ਤਾਂ ਉਨ੍ਹਾਂ ਨੇ ਇਕ ਪਿਆਲਾ ਦੁੱਧ ਦਾ ਭਰਕੇ ਸ੍ਰੀ ਗੁਰੂ ਜੀ ਦੇ ਪਾਸ ਭੇਜ ਦਿੱਤਾ ਅਤੇ ਕਹਿਓਨੇ ਕਿ ਏਥੇ ਪੀਰੀ ਪੂਰ ਹੈ। ਤਾਂ ਗੁਰੂ ਜੀ ਨੇ ਅੱਗੋਂ ਇਕ 'ਚੰਬੇਲੀ ਦਾ ਫੁਲ' ਕੱਢਕੇ ਉੱਪਰ ਰੱਖ ਦਿੱਤਾ ਤੇ ਕਹਿਆ "ਕਿ ਅਸੀਂ ਇਸਤਰ੍ਹਾਂ ਰਹਾਂਗੇ।"

(੩)

ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸਫਾ ੫੦੮ ਤੇ 'ਮੁਲਤਾਨ ਦੀ ਸਾਖੀ' ਇਸ ਪ੍ਰਕਾਰ ਦਿੱਤੀ ਹੈ:-

"ਤਾਂ ਉਥੋਂ ਬਾਬਾ ਜੀ ਮੁਲਤਾਨ ਨੂੰ ਗਏ। ਅਰ ਸ਼ਮਸ ਤਬਰੇਜ਼ ਦੇ ਪਾਸਿ ਜਾਇ ਆਸਣ ਕੀਤਾ। ਅਤੇ ਮੁਲ-ਤਾਨ ਦੇ ਪੀਰਾਂ ਨੂੰ ਖਬਰ ਭੇਜੀ ਕਿ ਅਸੀਂ ਤੁਸਾਡੇ 'ਦੀਦਾਰ' ਨੂੰ ਆਏ ਹਾਂ। ਤਾਂ ਅੱਗੋਂ ਪੀਰਾਂ ਦੁੱਧ ਦਾ ਕਟੋਰਾ ਭੇਜਿਆ। ਜੋ ਮੁਲਤਾਨ ਪੀਰਾਂ ਨਾਲ ਪੁਰ ਹੈ। ਤਾਂ ਬਾਬੇ 'ਚੰਬੇਲੀ ਦਾ ਫੁਲ' ਕਟੋਰੇ ਤੇ ਰੱਖ ਦਿੱਤਾ। ਭਾਵ, ਅਸੀਂ ਫੁਲਾਂ ਦੀ ਨਿਆਈਂ "ਨਿਰਲੇਪ ਰਹਾਂਗੇ।"

(੪)

ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਇਉਂ ਲਿਖਿਆ ਹੈ:–

ਚੌਪਈ

ਤਹਤੇ ਜਬ ਕੀਨੋ ਪ੍ਰਸਥਾਨਾ।
ਪਹੁੰਚੇ ਨਗਰ ਜਾਇ 'ਮੁਲਤਾਨਾ'।
ਪੀਰ ਬ੍ਰਿੰਦ ਜਹ ਸ਼ਮਸ ਸਮੇਤਾ।
ਮਿਲਨ ਚਹਯੋ ਬੇਦੀ ਕੁਲ ਕੇਤਾ।
'ਦੈਨ ਉਪਦੇਸ਼ ਆਪਨੋ ਨੀਕਾ।
ਜਿਸ ਬਿਧ ਹ੍ਵੈਉਧਾਰ ਇਸ ਜੀਕਾ।'
ਸ਼ਮਸ ਤਬਰੇਜ਼ ਰੈਹਤ ਜਿਹ ਥਾਈਂ।
ਤਹਾਂ ਜਾਇ ਬੈਠੇ ਜਗ ਸਾਈਂ।
ਸਭ ਪੀਰਨ ਕੋ ਸੁਧ ਜਬ ਹੋਈ।
ਮਿਲਕੇ ਮਤੇ ਕਰਤ ਭੇ ਸੋਈ।
"ਇਨ ਜੀਤੇ ਸਭ ਥਾਨ ਮਹਾਨਾ।
ਕਾਬਾ ਚਰਨਨ ਸੰਗ ਫਿਰਾਨਾ।
ਚਰਚਾ'ਅਜ਼ਮਤ'ਮਹਿ ਇਹ ਭਾਰੀ।
ਸਕਿਓ ਨ ਕੋਊ ਅਟਕ ਅਗਾਰੀ।
ਸਰਬਰ ਬਾਦ ਨਹੀਂ ਬਨਿਆਈ।
ਬਿਨਤੀ ਕਰਕੈ ਕਰਹੁ ਬਿਦਾਈ"।
ਅਸ ਬਿਚਾਰ ਕਰ ਦੂਧ ਕਟੋਰਾ।
ਭਰ ਕਰ ਲੇ ਆਏ ਗੁਰ ਓਰਾ।
ਏਹ ਜਨਾਵਨ ਤਿਨ ਨੈ ਕੀਨੋ।

ਪੀਰੀ ਪੁਰ ਮੁਲਤਾਨ ਸੁ ਚੀਨੋ ।
ਨਹੀਂ ਸਮਾਈ ਗਾਵਰ ਕੇਰੀ।
ਗਮਨਹੁ ਅਪਰ ਬਾਨ, ਪੁਰ ਹੇਰੀ।
ਨਿਕਟ ਆਨ ਜਬ ਧਰਯੋ ਅਗਾਰੀ।
ਸ੍ਰੀ ਨਾਨਕ ਬਿਧ ਜਾਨੀ ਸਾਰੀ।
'ਫੁਲ ਚੰਬੇਲੀ' ਕੋ ਇਕ ਲੀਨਾ।
ਤਿਹ ਪਰ ਕਰਤੇ ਛੋਡਨ ਕੀਨਾ।
ਤਰਿਓ ਦੂਧ ਪਰ ਭਲੇ ਸਮਾਯੋ।
ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਯੋ।
ਫੂਲ ਸਮਾਯੋ ਭਰਯੋ ਕਟੋਰੇ।
ਤਿਉਂ ਹਮ ਕੋ ਜਾਨਹੁ ਇਸ ਠੌਰੇ।
ਇਹ ਸਬ ਰੀਤ ਲਖੀ ਜਬ ਪੀਰਾ।
ਜਾਨਿਓ ਮਨ ਮੈਂ ਗੁਨੀ ਗਹੀਰਾ।

੫

ਗਜਾਨੀ ਗਿਆਨਸਿੰਘ ਜੀਨੇ ਤ੍ਵਾਰੀਖ ਗੁਰੂ ਖਾਲਸਾ ਹਿੱਸਾ ੧, ਨੰਬਰ ੧, ਸਫਾ ੨੯੦-੨੯੧ ਤੇ ਇਉਂ ਲਿਖਿਆ ਹੈ:-

'ਉੱਚ' ਦੇ ਪੀਰ ਸਯਦ ਅਹਿਮਦ ਹਸਨ ਜਲਾਲ ਦੀਨ ਨਾਲ ਗੋਸ਼ਟ ਕਰ 'ਫਤਹ' ਪਾਈ। ਫੇਰ 'ਮੁਲਤਾਨ' ਵਿਚ ਜਾਕੇ ਪ੍ਰਹਿਲਾਦ ਭਗਤ ਦਾ ਅਸਥਾਨ ਦੇਖਿਆ ਤੇ ਸ਼ਮਸ ਤਬਰੇਜ਼ ਆਦਿਕ ਪੀਰਾਂ ਦੇ ਮਕਾਨ ਦੇਖ, ਦਰਯਾ ਦੇ ਨਜ਼ਦੀਕ ਜਾ ਬੈਠੇ। ਮੁਲਤਾਨ ਦੇ ਰਹਿਣ ਵਾਲਿਆਂ ਪੀਰਾਂ ਨੇ ਜਦ ਗੁਰੂ ਸਾਹਿਬ ਜੀ ਦਾ ਆਗਮਨ ਸੁਣਿਆਂ ਤਾਂ ਇਕ

ਪਿਆਲਾ ਦੁੱਧ ਦਾ ਭਰਕੇ ਘੱਲ ਦਿੱਤਾ, ਜਿਸ ਵਿਚ ਬਾਬਾ ਜੀ ਨੇ 'ਪਤਾਸੇ' ਪਾ ਉਪਰ 'ਫੁੱਲ' ਰੱਖ ਮੋੜ ਭੇਜਿਆ। ਤਾਂ 'ਮਰਦਾਨੇ' ਨੇ ਆਖਿਆ ਜੀ ਦੁੱਧ ਪੁਤ ਆਏ ਹੋਏ ਭੀ ਕਿਸੇ ਨੇ ਮੋੜੇ ਹਨ ? ਤੁਸੀਂ ਮੈਨੂੰ ਹੀ ਦੇ ਛੱਡਦੇ। ਗੁਰੂ ਜੀ ਬੋਲੇ 'ਮਰਦਾਨਿਆਂ ! ਕਰਤਾਰ ਤੁਹਾਨੂੰ ਹੋਰ ਦੁੱਧ ਘੱਲ ਦੇਜੀ। ਏਸ ਦੁੱਧ ਵਿਚ ਕਾਈ ਗੱਲ ਸੀ। ਮਰਦਾਨੇ ਆਖਿਆ 'ਜੀ ਓਹ ਕੀ ਗੱਲ ਹੈ' ?

ਗੁਰੂ ਜੀ ਨੇ ਆਖਿਆ 'ਮਰਦਾਨਿਆਂ ! ਮੁਲਤਾਨੀ ਪੀਰਾਂ ਫਕੀਰਾਂ ਨੇ ਇਹ ਜਤਾਯਾ ਸੀ ਕਿ ਮੁਲਤਾਨ ਪੀਰਾਂ ਫਕੀਰਾਂ ਨਾਲ ਏਸ ਪਿਆਲੇ ਵਾਂਗੂੰ ਪਹਿਲੇ ਹੀ ਭਰਪੂਰ ਹੈ, ਤੁਸ ਂ ਕਿੱਥੇ ਰਹੋਗੇ ? ਅਸਾਂ 'ਪਤਾਸੇ' ਪਾ 'ਫੁਲ' ਰੱਖ ਏਹ ਜਤਾਇਆ ਹੈ ਕਿ ਅਸੀਂ ਤੁਹਾਡੇ ਵਿਚ ਮਿਠੇ ਬਣਕੇ ਫੁਲ ਦੀ ਤਰਾਂ ਸਭ ਦੇ ਉਪਰ ਰਹਾਂਗੇ।' ਏਹ ਗੱਲ ਸੁਣਕੇ ਮਰਦਾਨੇ ਰਬਾਬ ਵਜਾਇਆ ਤੇ ਬਾਬੇ ਸ਼ਬਦ ਉਠਾਇਆ:—

'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।'

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਹ ਸਾਖੀ ਦੂਜੀ ਉਦਾਸੀ ਸਫਰ) ਦੇ ਅੰਤ ਭਾਦਰੋਂ ਸੰਮਤ ੧੫੭੨ ਬਿਕ੍ਰਮੀ ਤੋਂ ਪਹਿਲੇ ਹੋਈ। [ਪੰਨਾ ੨੯੪]

੬

ਗਿਆਨੀ ਗਿਆਨ ਸਿੰਘ ਜੀ ਫੇਰ ਤਵਾਰੀਖ ਗੁਰੂ ਖਾਲਸਾ ਭਾਗ ੧, ਹਿਸਾ ੧, ਸਫਾ ੪੮੩ ਤੇ ਲਿਖਦੇ ਹਨ:—

'ਪਾਕ ਪਟਨ' ਤੋਂ ਚੱਲਕੇ 'ਮੁਲਤਾਨ' ਸ਼ਮਸ

ਤਬਰੇਜ਼ ਦੀ ਚਾਰ ਦੀਵਾਰੀ ਦੇ ਅੰਦਰ (ਜਿਥੇ ਹੁਣ ਬਾਬੇ ਜੀ ਜੀ 'ਮੰਜੀ ਸਾਹਿਬ' ਹੈ) ਜਾ ਉਤਰੇ। ਬਾਬੇ ਜੀ ਦਾ ਸ਼ਬਦ ਸਾਖੀ ਸੁਣਕੇ ਬਹੁਤ ਲੋਗ ਆਉਣ ਲੱਗੇ। ਓਥੋਂ ਦੇ ਪੀਰਾਂ ਫਕੀਰਾਂ ਨੇ ਸੋਚਿਆ ਕਿ ਜੇ ਏਥੇ ਇਹ ਠਹਿਰ ਗਏ ਤਾਂ ਸਾਡੀ ਮਾਨਤਾ ਘੱਟ ਜਾਊ। ਉਨ੍ਹਾਂ ਨੇ ਇਕਪਿਆਲਾ ਦੁਧ ਦਾ ਭਰਕੇ ਬਾਬੇ ਪਾਸ ਭੇਜ ਦਿੱਤਾ। ਏਨ੍ਹਾਂ ਨੇ ਉਸ ਵਿਚ 'ਪਤਾਸੇ' ਪਾਕੇ ਉਤੇ 'ਫੁਲ' ਰੱਖ ਕਰ ਪਿਆਲਾ ਮੋੜ ਦਿੱਤਾ। ਮਰਦਾਨੇ ਦੇ ਪੁਛਣੇ ਪਰ ਗੁਰੂ ਜੀ ਨੇ ਆਖਿਆ ਏਥੋਂ ਦੇ ਫਕੀਰ ਆਖਦੇ ਹਨ ਮੁਲਤਾਨ ਸ਼ਹਿਰ ਪਿਆਲੇ ਵਾਂਗੂੰ ਪਹਿਲੇ ਹੀ 'ਪੀਰਾਂ ਨਾਲ ਪੁਰ' ਹੈ। ਅਸਾਂ ਆਖਿਆ ਹੈ 'ਅਸੀਂ ਮਿਠੇ ਵਾਂਗੂੰ ਵਿਚ ਸਮਾਕੇ ਸਵਾਦ ਕਰ ਦੇਵਾਂਗੇ ਤੇ ਸਭ ਤੇ ਉਪਰ ਅਸੰਗ ਰਹਾਂਗੇ'। ਇਸ ਪ੍ਰਕਾਰ ਬਚਨ ਕਰ ਮੁਲਤਾਨ ਤੋਂ ਚੱਲਕੇ 'ਉਚ ਪਿੰਡ' ਗਏ। ਤਾਂ ਪੀਰ 'ਜਲਾਲ ਦੀਨ' ਸੱਯਦ ਮਿਲਿਆ।ਭਾਈ ਮਰਦਾਨਾ "ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥" ਵਾਲੀ ਪਉੜੀ ਪੜ੍ਹ ਰਹਿਆ ਸੀ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਏਹ ਸਾਖੀ ਫੱਗਣ ਸੰਮਤ ੧੫੭੯ ਬਿ: ਤੋਂ ਪਿਛੋਂ ਹੋਈ।

[ਪੰਨਾ ੪੭੮

ਇਨ੍ਹਾਂ ਉਪਰ ਦਿਤੇ ਪੰਥ ਪ੍ਰਸਿੱਧ ਇਤਿਹਾਸ ਲਿਖਣ ਵਾਲਿਆਂ ਦੇ ੬ ਪ੍ਰਮਾਨ ਪੜ੍ਹਨਤੋਂ ਪਾਠਕਾਂ ਤੇ ਪੰਥ ਨੂੰ ਪਤਾ ਲੱਗਜਾਊ ਕਿ ਸਿੱਖਾਂਦੀ ਇਤਿਹਾਸ ਵਲੋਂ ਕੇਡੀ ਅਨਗੈਹਲੀ ਹੈ। ਜ਼ਰਾ ਵੀਚਾਰ ਕਰੋ:–

(੧) ਮੁਲਤਾਨ ਦੀ ਸਾਖੀ ਇਕ ਵਾਰ ਹੋਈ ਸੀ ਕਿ "ਹੂ-ਬ-ਹੂ" ਦੋ ਵਾਰੀ, ਜੈਸਾ ਕਿ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ।

੨) ਭਾਈ ਮਰਦਾਨਾ ਖੁਰਮ ਸ਼ਹਿਰ ਵਿਚ ਚਲਾਣਾ ਕਰ ਚੁਕਾ ਸੀ (ਜੈਸਾ ਕਿ ਭਾਈ ਬਾਲੇ ਦੀ ਸਾਖੀ ਵਿਚਦਰਜ ਹੈ) ਕਿ ਮੁਲਤਾਨ ਦੀ ਜ਼ਜਾਰਤ ਵੇਲੇ ਗੁਰੂ ਜੀਦੇ ਨਾਲਸੀ? ਤਵਾਰੀਖ ਗੁਰੂ ਖਾਲਸਾ ਹਿਸਾ ੧,ਨੰਬਰ ੧,ਸਫਾ ੪੮੭ ਤੇ ਗਿਆਨੀ ਗਿਆਨੀ ਸਿੰਘ ਜੀ ਭਾਈ ਮਰਦਾਨੇ ਦਾ ਚਲਾਣਾ ੧੩ ਮੱਘਰ ਸੰ: ੧੫੮੧ ਨੂੰ ਹੋਣਾ ਲਿਖਦੇ ਹਨ।

(੩) ਏਹ ਸਾਖੀ:-

(ੳ) ਭਾਦਰੋਂ ਸੰ: ੧੫੭੨ ਬਿ: ਤੋਂ ਪਹਿਲੇ ਹੋਈ, ਕਿ-

(ਅ) ਫੱਗਣ ਸੰਮਤ ੧੫੭੯ ਤੋਂ ਪਿਛੋਂ ਹੋਈ,ਕਿ

(ੲ) ੧੩ ਮੱਘਰ ੧੫੮੧ ਤੋਂ ਪਿਛੋਂ ਹੋਈ ?

(ਏਹ ਸੰਮਤ ਗਿਆਨੀ ਗਿਆਨ ਸਿੰਘ ਜੀ ਨੇ ਕਿਨ੍ਹਾਂ ਗ੍ਰੰਥਾਂ ਤੋਂ ਲੈਕੇ ਲਿਖੇ ਹਨ? ਕਿ ਮਨੋ ਕਲਪਤ ਹਨ ?

(੪) ਗੁਰੂ ਜੀ-

(ੳ) ਅਚਲ ਵਟਾਲੇ ਤੋਂ ਮੁਲਤਾਨ ਗਏ,ਕਿ-

(ਅ) 'ਉਚ' ਪਿੰਡ ਤੋਂ ਮੁਲਤਾਨ ਗਏ, ਕਿ-

(ੲ) ਪਾਕਪਟਨ ਤੋਂ ਮੁਲਤਾਨ ਗਏ, ਕਿ-

(ਸ) ਖੁਰਮੇ ਸ਼ਹਿਰ ਤੋਂ ਮੁਲਤਾਨ ਗਏ।

(੫) ਗੁਰੂ ਜੀ–

(ੳ) ਮੁਲਤਾਨ ਤੋਂ ਕਰਤਾਰ ਪੁਰ ਆਏ, ਕਿ–

(ਅ) ਮੁਲਤਾਨ ਤੋਂ ਉਚੇ ਪਿੰਡ ਆਏ, ਕਿ–

(ੲ) ਮੁਲਤਾਨ ਤੋਂ ਸੁਲਤਾਨਪੁਰ ਆਏ।

(੬) ਗੁਰੂ ਜੀ–

(ੳ) 'ਮੁਲਤਾਨ ਸਤਿਨਾਮ ਦਾ ਪ੍ਰਚਾਰ' ਕਰਨ ਗਏ ਸੀ, ਕਿ–

(ਅ) ਪ੍ਰਹਿਲਾਦਭਗਤ ਦਾ ਅਸਥਾਨ ਦੇਖਣ, ਜਾਂ

(ੲ) ਮੁਲਤਾਨੀ ਪੀਰਾਂ ਦਾ ਦੀਦਾਰ ਕਰਨ।

(੭) ਚੰਬੇਲੀ ਦਾ ਅਰਥ 'ਫੁਲ' ਹੈ ਕਿ 'ਪਤਾਸੇ' ?

(੮) ਗੁਰੂ ਜੀ ਨੇ ਨਕੋਨਕ ਭਰੇ ਪਿਆਲੇ ਵਿਚ ਇਕ ਸ਼ੈ ਮਿਲਾਈ ਸੀ ਕਿ ਦੋ ਚੀਜ਼ਾਂ ?

(੯) ਬਗਲ ਦਾ ਬਾ-ਮੁਹਾਵਰਾ ਅਰਥ ਪਾਸ (ਕੋਲ) ਹੈ, ਕਿ ਬੰਗਲੀ (ਝੋਲੀ) ?

ਸੋ ਬਿਨਾਂ ਵਿਚਾਰੇ ਇਤਿਹਾਸ ਲਿਖਨਾ ਗੁਰੂ ਇਤਿਹਾਸ ਨੂੰ ਅਪਰਮਾਨੀਕ ਤੇ ਗੁਰੂ ਨਾਨਕ ਜੀਦੇ ਯਥਾਰਥ-ਉੱਤਰ ਦੀ ਹਾਨੀ ਕਰਨਾ ਹੈ। ਪਰ ਭੇਦ ਹੁੰਦਿਆਂ ਸੁੰਦਿਆਂ ਭੀ ਏਹ ਤਿੰਨ ਗੱਲਾਂ ਸਭ ਜਣੇ ਮੰਨਦੇ ਹਨ ਕਿ–

(੧) ਸ੍ਰੀ ਗੁਰੂ ਨਾਨਕ ਦੇਵ ਜੀ 'ਮੁਲਤਾਨ' ਜ਼ਰੂਰ ਗਏ।

(੨) ਪੀਰਾਂ ਨੇ ਦੁੱਧ ਭਰਿਆ ਪਿਆਲਾ ਪੇਸ਼ ਕੀਤਾ।

(੩) ਗੁਰੂ ਜੀ ਨੇ 'ਚੰਬੇਲੀ' ਕਟੋਰੇ 'ਵਿਚ ਮਿਲਾਈ'।

ਪਿਆਰੇ ਪਾਠਕ ਜੀ ! ਏਹ ਗੁਰੂ ਜੀ ਤੇ ਪੀਰਾਂ

ਅੱਡੋ ਅੱਡ ਹੋ ਸੱਕਦਾ ਹੈ। ਸਿਧਾਂਤ ਅਪਨੀ ੨ ਬੁਧੀ ਅਨੁ-ਸਾਰ ਮੰਨਿਆਂ ਜਾਂ ਸੱਕਦਾਹੈ।'ਮੂਰਖ ਪੰਡਤ ਸੁਰਤ ਬਸੇਖੈ।'* ਪਰ ਇਤਿਹਾਸਕ ਗੱਲ ਇਕ ਹੀ ਹੋਣੀ ਚਾਹੀਦੀ ਹੈ।

ਇਤਿਹਾਸ ਤੋਂ ਸਾਬਤ ਹੈ ਕਿ 'ਚੰਬੇਲੀ' ਦੀਆਂ ਲਪਟਾਂ ਨੇ ਪੀਰਾਂ ਦੇ ਦਿਮਾਗ (ਰੁਕਨਦੀਨ, ਬਹਾਵਲ ਹੱਕ, ਸ਼ਾਹ ਸ਼ਰਫ, ਸੱਯਦ ਅਬਦੁਲ ਕਾਕੋਰੀ, ਸਦਾ ਸੁਹਾਗਨ, ਰਤਨ ਨਾਥ ਜੋਗੀ, ਸਹਿਜੂ ਭਗਤਆਦਿ) †ਨੂੰ ਖ਼ੂਬ ਖ਼ੁਸ਼ਬੂ ਦਿੱਤੀ। ਗੁਰੂ ਜੀ ਨੇ ਆਪਣੇ ਜੀਵਨ ਵਿਚ ਆਪਣੀ ਰਹਿਣੀ ਗਹਿਣੀ ਤੋਂ ਦੱਸ ਦਿੱਤਾ ਕਿ 'ਚੰਬੇਲੀ' ਦੀ ਕੀ ਵਡਿਆਈ ਹੈ। ਅਚਲ ਵਟਾਲੇ ਦੇ ਜੋਗੀਆਂ ਤੇ ਮੁਲਤਾਨ ਦੇ ਪੀਰਾਂ ਨੂੰ ਸ਼ਬਦ ਸ਼ਾਂਤ ਬਖਸ਼ੀ । ਦੇਸ਼ ਦਾਹ ਨੂੰ ਦੂਰ ਕੀਤਾ। ਸਿੱਖੀ ਰੂਪੀ ਚੰਬੇਲੀਦੀ ਭਿੰਨੀ ਤੇ ਮਿੱਠੀ ਮਹਕ ਦੇਸ਼ ਦੇਸ਼ਾਤ੍ਰਾਂ ਵਿਚ ਪਸਰ ਗਈ। ਗੁਰੂ ਜੀ ਨੇ ਜਗਿਆਸੂ ਪਪੀਹਾਂ ਵਾਸਤੇ ਸਦਾ ਲਈ ਗੁਰਬਾਣੀ ਰੂਪੀ ਚੰਬੇਲੀ ਦਾ ਅਤਰ ਤਿਆਰ ਕਰ ਦਿੱਤਾ। ਖਾਲਸਾ ਜੀ ਨੂੰ ਹਿੰਦੂ ਮੁਸਲਮਾਨ 'ਖਿੱਚਾ ਖਿੱਚੀ' ਦੇ ਸਮੇਂ 'ਚੰਬੇਲੀ' ਦੀ ਤਰ੍ਹਾਂ ਵਰਤਣਾਂ ਚਾਹੀਦਾ ਹੈ:-

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।

---

*ਭਾਈ ਗੁਰਦਾਸ ਜੀ।

†ਇਨ੍ਹਾਂ ਦੇ ਸਮਕਾਲੀ ਹੋਣ ਦੀ ਪੜਤਾਲ ਦੀ ਲੋੜ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸਿੱਖ ਇਤਿਹਾਸ

ਸੁਖਮਨੀ ਦੀ ਉਥਾਨਕਾ

ਗੁਰੂ ਖਾਲਸਾ ਪੰਥ ਤੇ ਪਾਠਕਾਂ ਦੀ ਡੂੰਘੀ ਵੀਚਾਰ ਲਈ ਅਸੀਂ ਸਿੱਖ ਇਤਿਹਾਸ ਵਿਚੋਂ ਸੁਖਮਨੀ ਦੀ ਸਾਖੀ ਦੀ ਖੋਜ ਕਰਦੇ ਹਾਂ। ਉਦਾਸੀ ਤੇ ਸਿੱਖਾਂ ਵਿਚ ਫੁੱਟ ਪਾਉਣ ਲਈ ਇਹ ਸਾਖੀ ਅਨੇਕ ਰੂਪ ਧਾਰਨ ਕਰ ਰਹੀ ਹੈ। ਅਪ੍ਰਮਾਨੀਕ ਗ੍ਰੰਥ-ਕਾਰਾਂ ਦੇ ਨਿਜ ਖਿਆਲਾਂ ਤੇ ਲੇਖਾਂ ਵਿਚ ਪਰਸਪਰ ਵਿਰੋਧ ਹੋਣ ਕਰਕੇ ਫੁੱਟ-ਪ੍ਰਚਾਰਕਾਂ ਨੂੰ ਪੁਸ਼ਟੀ ਮਿਲ ਰਹੀ ਹੈ। ਫੁੱਟ ਦਾ ਫਲ ਪ੍ਰਤੱਖ ਹੈ। ਅਸੀਂ ਸਿੱਖ ਇਤਿਹਾਸ ਤੇ ਸਿੱਖ ਸਾਹਿੱਤਜ ਦੇ ਪੁਸਤਕਾਂ ਵਿਚੋਂ ਸਿਰਫ ਸੁਖਮਨੀ ਦੀ ਸਾਖੀ ਪ੍ਰਥਾਇ ਜੋ ਪ੍ਰਮਾਨ ਮਿਲਦੇ ਹਨ, ਓਨ੍ਹਾਂ ਤੇ ਉਚਿਤ ਵਿਚਾਰ ਕਰਦੇ ਹਾਂ। ਜੇ ਕਿਸੇ ਸੱਜਣ ਜੀ ਪਾਸ ਹੋਰ ਪੁਸਤਕਾਂ ਵਿਚ ਵਧੀਕ ਪ੍ਰਮਾਨ ਹੋਣ ਤਾਂ ਬਟੋਰਕੇ ਛਪਵਾ ਦੇਣ, ਤਾਂਕਿ ਲੇਖਾਂ ਦਾ ਟਾਕਰਾ ਕਰਕੇ ਸਤਿ ਦਾ ਨਿਰਨਾ ਹੋ ਜਾਵੇ ਤੇ ਪਰਸਪਰ ਗਲਤ ਫਹਿਮੀ ਹਟ ਜਾਏ। ਸਿੱਖ ਇਤਿਹਾਸ ਦੀਆਂ ਸਾਖੀਆਂ ਨੂੰ ਵਿਗਾੜ ਕੇ ਸਿੱਖਾਂ ਵਿਚ ਫੁੱਟ ਪਾਉਣ ਵਾਲੇ ਪੰਥ ਘਾਤਕਾਂ ਦੀਆਂ ਚਾਲਾਂ ਵਿਚ ਏਹ ਭੀ ਇਕ ਚਾਲ ਹੈ। 'ਗੁਰਦਵਾਰਾ' ਲਹਿਰ ਨਾਲ ਉਦਾਸੀ-ਅਕਾਲੀ ਸੁਆਲ ਉਤਪਨ ਹੋਣ ਕਰਕੇ ਅਜ ਕਲ ਦੇ ਉਦਾਸੀ ਗ੍ਰੰਥ-

ਕਾਰਾਂ ਦੇ ਲੇਖਾਂ ਵਿਚ ਪ੍ਰਗਟ ਤਬਦੀਲੀ ਹੋ ਰਹੀ ਹੈ, ਕਈ ਮਨ-ਮੰਨੇ ਗ੍ਰੰਥ ਛਪ ਰਹੇ ਹਨ, ਕਈ *'ਨਏ ਸਿਧਾਂਤ' ਘੜੀ ਰਹੇ ਹਨ। ਕਿਸੇ ਦਿਨ ਨੂੰ ਏਹ ਲੇਖ ਸਿਖ ਇਤਿਹਾਸ ਦਾ ਅੰਗ ਮੰਨੇ ਜਾਣਗੇ। ਆਉਣ ਵਾਲੀਆਂ ਸਿੱਖ ਸੰਤਾਨਾਂ ਲਈ 'ਸਿੱਖ ਇਤਿਹਾਸ' ਲਾਭਦਾਇਕ ਹੋਣ ਦੀ ਥਾਂ ਹਾਨੀ-ਕਾਰਕ ਬਣ ਰਿਹਾ ਹੈ। ਜਿਸ ਜਾਤੀ ਦਾ ਇਤਹਾਸ ਵਿਗੜ ਜਾਏ ਉਹ ਜਾਤੀ ਅਧੋਗਤੀ ਨੂੰ ਪ੍ਰਾਪਤ ਹੋ ਜਾਂਦੀ ਹੈ। ਸਿਆਣੇ ਸਿੱਖਾਂ ਨੂੰ ਸਿੱਖ ਇਤਹਾਸ ਦੀਆਂ ਸਾਖੀਆਂ ਨਿਰੋਲ ਰੱਖਣੀਆਂ ਚਾਹੀਦੀਆਂ ਹਨ। ਪੱਖਪਾਤ ਨਾਲ ਸਾਖੀਆਂ ਲਿਖਨੀਆਂ ਤੇ ਪੰਥ-ਵੈਰੀਆਂ ਦੇ ਹੱਥਾਂ ਵਿਚ ਕਠ-ਪੁਤਲੀ ਬਣਨਾ ਸਿਆਨਿਆਂ ਦਾ ਕੰਮ ਨਹੀਂ। ਗੁਰੂ ਖਾਲਸਾ ਪੰਥ

---

*ਜੋ ਲੋਗ ਭਾਈ ਗੁਰਦਾਸ ਜੀ ਕੀ ਬਾਨੀ ਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਕੁੰਜੀ ਬਤਲਾਤੇ ਹੈਂ ਸੋ ਠੀਕ ਨਹੀਂ, ਕਿਉਂਕਿ ਜੈਸੀ ਕੁੰਜੀ ਜੰਦ੍ਰੇ ਵਾਲੇ ਕਾਰੀਗਰ ਕੀ ਠੀਕ ਹੋਤੀ ਹੈ, ਦੂਸਰੇ ਕੀ ਨਹੀਂ, (ਵੈਸੇ ਹੀ **ਭਾਈ ਗੁਰਦਾਸ ਕੀ ਬਾਣੀ ਕੁੰਜੀ ਨਹੀਂ**, ਗੁਰ ਮਹਿਮਾਂਰੂਪ ਬਾਣੀ ਹੈ) ਜੰਦ੍ਰਾ ਰੂਪ ਗੁਰਬਾਣੀ(ਸ੍ਰੀ ਗੁਰੂ ਗ੍ਰੰਥ ਸਾਹਿਬਜੀ) ਹੈ। ਵੈਸੇ ਹੀ ਗੁਰਬਾਣੀ **ਪਾਣ ਸੰਗਲਾਂ ਹੋ ਜੀ** ਰੂਪ ਹੈ।"

(ਗੁਰੂ ਉਦਾਸੀਨ ਮਤ ਦਰਪਣ ਭਾਗ ਪਹਿਲਾ, ਸੱਤਵਾਂ ਅਧਜਾਇ ਪੰਨਾ ੫੩੬)।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਕੁਛ ਪਉੜੀਆਂ ਕੁੰਜੀ ਨਹੀਂ। [ਕਰਤਾ

ਨੂੰ ਘਰ ਬਾਹਰ ਦੇ ਪੰਥ-ਘਾਤਕਾਂ ਤੋਂ ਅਪਨੀ ਜੱਥੇਬੰਦੀ ਦੀ ਰੱਖਿਆ ਕਰਨੀ ਚਾਹੀਦੀ ਹੈ।

ਸਾਨੂੰ ਸਿੱਖ ਲਿਟਰੇਚਰ ਵਿਚ ਸੁਖਮਨੀ ਸਾਹਿਬ ਸੰਬੰਧੀ ਇਹ ਸਾਖੀ, ਪ੍ਰਮਾਨ ਲਿਖੇ ਮਿਲਦੇ ਹਨ:–

ਪ੍ਰਮਾਨ ਪਹਿਲਾ

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਦੀ ਉਥਾਨਕਾ' ਜੋ ਠਾਕਰ ਅੱਛਰ ਸਿੰਘ ਜੀ ਦੇ ਚੇਲੇ ਭਾਈ ਗਿਆਨ ਸਿੰਘ ਜੀ ਨੇ ਸੰਮਤ ੪੩੧ ਨਾ: ਸ਼ਾ: ਵਿਚ ਮੁਫ਼ੀਦ ਆਮ ਪ੍ਰੈਸ ਲਾਹੌਰ ਵਿਚ ਛਾਪੀ। ਉਥਾਨਕਾ ਦੀ ਭੂਮਿਕਾ ਵਿਚ ਭਾਈ ਗਿਆਨ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਉਥਾਨਕਾ' ਦੀ ਇਕ ਪੋਥੀ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦ ਪੁਰ ਵਿਖੇ ਇਹ ਪੋਥੀ "ਭਾਈ ਭਗਵਾਨਾ ਜੀ" ਨੇ ਦਿੱਤੀ ਸੀ। ਭਾਈ ਭਗਵਾਨਾ ਖੰਡੇ ਦਾ ਅੰਮ੍ਰਿਤ ਛਕ ਕੇ "ਧਰਮ ਸਿੰਘ" ਸਜਿਆ। ਇਸ ਪੁਰਾਤਨ ਉਥਾਨਕਾ ਦੀ ਪੋਥੀ ਵਿਚ ਨਾਵੇਂ ਮਹੱਲੇ ਦੇ ਸ਼ਬਦਾਂ ਦੀਆਂ ਉਥਾਨਕਾ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸੁਣਕੇ ਲਿਖੀਆਂ। ਏਹ ਭੂਮਿਕਾ ਭਾਈ ਗਿਆਨ ਸਿੰਘ ਜੀ ਨੇ ਸੰਮਤ ੪੧੨ ਨਾ: ਸ਼ਾ: ਵਿਚ ਲਿਖੀ। ਇਸ ਪੁਰਾਤਨ ਉਥਾਨਕਾ ਦੀ ਪੁਸਤਕ ਵਿਚ ਲਿਖਿਆ ਹੈ:–

"ਸ੍ਰੀ ਅੰਮ੍ਰਿਤਸਰ "ਦੀਪ ਮਾਲਾ" ਤੇ ਸੰਗਤ ਨੂੰ ਲੈਕੇ ਭਾਈ ਵੇਸੀ, ਭਾਈ ਜੋਧਾ, ਭਾਈ ਬ੍ਰਹਮਣ, ਭਾਈ ਗੋਬਿੰਦਾ,

ਭਾਈ ਗੋਲਾ, ਭਾਈ ਮੋਹਨ, ਭਾਈ ਮੰਝੂ, ਭਾਈ ਰਮਜਾ, ਭਾਈ ਕਾਲੂ, ਭਾਈ ਮੇਹਰੂ,ਭਾਈ ਨਿਹਾਲੂ,ਭਾਈ ਪਰਬਤਾ, ਭਾਈ ਦੀਪਾ,ਪੰਡਿਤ ਨੱਥੂ,ਕਾਕਾ ਬ੍ਰਹਮ ਗਿਆਨੀ, ਹਰੀਆ ਸਾਧ, ਗਹਰਾ ਮੋਹਨ, ਭਾਈ ਜੱਸੂ, ਮੈਨ ਸੁਖ ਬ੍ਰਹਮਚਾਰੀ ਆਏ ਸੀ । ਤਿਨ੍ਹਾਂ ਪ੍ਰਥਾਇ ਸੁਖਮਨੀ ਦਾ ਉਚਾਰ ਹੋਯਾ ।" [ਪੰਨਾ ੩੩

ਸੋ ਪੁਰਾਤਨ ਸਮੇਂ ਵਿਚ ਉਦਾਸੀ ਤੇ ਸਿੱਖਾਂ ਵਿਚ ਫੁੱਟ ਪਾਉਣ ਵਾਲੀ ਕੋਈ ਬਾਤ ਇਸ ਸਾਖੀ ਵਿਚ ਨਹੀਂ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਪ੍ਰਥਾਇ ਸੁਖਮਨੀ ਉਚਾਰਨ ਕੀਤੀ ਸੀ । ਇਨ੍ਹਾਂ ਸਿੱਖਾਂ ਦੇ ਸਮਕਾਲੀ ਹੋਣ ਦਾ ਸਬੂਤ ਸਿੱਖ ਇਤਿਹਾਸ ਦੇ ਖੋਜੀ ਆਪ ਖੋਜ ਲੈਣ ।

ਪਰਮਾਨ ਦੂਜਾ

ਭਾਈ ਚੰਦਾ ਸਿੰਘ ਜੀ ਸੰਪਰਦਾਈ ਗਿਆਨੀ ਦੇ ਦੋ 'ਪ੍ਰਯਾਇ' ਛਪੇ ਹੋਏ ਮਿਲਦੇ ਹਨ । ਇਕ ਛੋਟੇ, ਦੂਜੇ ਵੱਡੇ। ਛੋਟੇ ਪ੍ਰਯਾਇ,ਸੰਪਰਦਾਈ ਗਿਆਨੀ ਵਧੀਕ ਪਰਮਾਨੀਕ ਮੰਨਦੇ ਹਨ । ਇਸ ਵਿਚ ਸੁਖਮਨੀ ਦੀ ਉਥਾਨਕਾ ਨਹੀਂ । ਵੱਡੇ ਪ੍ਰਯਾਏ 'ਗੁਰਮਤ ਪ੍ਰਚਾਰ ਜੱਥਾ, ਸ੍ਰੀ ਅੰਮ੍ਰਿਤਸਰ ਨੇ ਛਪਾਏ ਹਨ । ਭਾਈ ਨਿਹਾਲ ਸਿੰਘ ਜੀ ਮਾਲਕ ਗੁਰਮੁਖੀ ਪੁਸਤਕਾਲਜ ਅੰਮ੍ਰਿਤਸਰ ਜੀ ਨੇ ਏਹ ਪ੍ਰਯਾਇ ਭਾਈ ਨਰੈਣ ਸਿੰਘ ਜੀ ਮਾਲਕ ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਹਾਲ ਬਜ਼ਾਰ ਅੰਮ੍ਰਿਤਸਰ ਜੀ ਵਿਚ ਛਪਾਏ ਸਨ, ਇਨ੍ਹਾਂ ਵਡੇ

ਪ੍ਰਯਾਵਾਂ ਤੇ 'ਸੁਗਮ ਪ੍ਰਿਜ਼ਾਜ਼' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਰਚਿਤ ਪੰਡਿਤ ਚੰਦਾ ਸਿੰਘ ਜੀ ਪ੍ਰਸਿੱਧ ਗਿਆਨੀ" ਲਿਖਿਆ ਹੈ, ਸੰਮਤ ਨਹੀਂ ਲਿਖਿਆ। ਸੰਪ੍ਰਦਾਈ ਗਿਆਨੀ ਇਨ੍ਹਾਂ ਵੱਡੇ ਪ੍ਰਯਾਵਾਂ ਨੂੰ ਭਾਈ ਸ਼ਾਮ ਸਿੰਘ ਜੀ ਸੰਪਰਦਾਈ ਗਿਆਨੀ ਰਚਿਤ ਮੰਨਦੇ ਹਨ। ਇਨ੍ਹਾਂ ਵੱਡੇ 'ਸੁਗਮ ਪ੍ਰਯਾਵਾਂ' ਵਿਚ ਲਿਖਿਆ ਹੈ:-

"ਰਾਗ ਗਉੜੀ ॥ ੮ ॥ ੧੬ ॥ ਆਦਿ ਸਚੁ। ਬਾਬਾ ਸ੍ਰੀ ਚੰਦ ਜੀ ਨੇ ਬਚਨ ਕੀਤਾ ਇਸ ਕੀਆਂ ਅਸਟਪਦੀਆਂ ੨੪ ਪੂਰਨ ਕਰੋ।ਤਬ ਸਾਹਿਬ ਕਹਿਆ ਕੁਛ ਆਪ **ਧਾਰਨਾ** ਬਤਾਏਂ, ਜਿਸ ਧਾਰਨਾ ਪਰ ਹੋਰ ਉਚਾਰੀਏ। ਤਬ ਬਾਬੇ ਸ੍ਰੀ ਚੰਦ ਜੀ ਨੇ ਪਹਿਲੀ ਪਾਤਸ਼ਾਹੀ ਕਾ ਸਲੋਕ ਇਥੇ ਰਖਿਆ ਜੋ ਇਸਕੇ ਅਨੁਸਾਰ ਵੇਦਾਂਤ ਪ੍ਰਤਿਪਾਦਨ ਕਰੋ।"

[ਪੰਨਾ ੧੫੩

ਏਹ ਸਾਖੀ ਦਾ ਮੁੱਢ ਮਾਲੂਮ ਹੁੰਦਾ ੈ। ਪਰ ਇਸ ਵਿਚ ਫੁਟ ਪਾਉਣ ਵਾਲੀ ਕੋਈ ਬਾਤ ਪ੍ਰਤੀਤ ਨਹੀਂ ਹੁੰਦੀ। ਜੇ ਨਿਰਬਾਨ ਪ੍ਰੀਤਮ ਦਾਸ ਜੀ ਇਸ ਲੇਖ ਨੂੰ ਬਾਬਾ ਸ੍ਰੀ ਚੰਦਰ ਜੀ ਨੂੰ "ਦੋਸ ਰੋਪਨਾ" ਮੰਨਦੇ ਹਨ, ਤਾਂ ਸੰਪਰਦਾਈ ਗਿਆਨੀਆਂ ਨੂੰ ਭਾਈ ਗਿਆਨ ਸਿੰਘ ਜੀ ਪ੍ਰਕਾਸ਼ਤ ਪੁਰਾਤਨ ਉਥਾਨਕਾ ਤੇ ਹੀ ਸੰਤੋਖ ਰੱਖਨਾ ਚਾਹੀਦਾ ਹੈ। ਕਿਸੇ ਦਾ ਹਿਰਦਾ ਦੁਖਾਉਣਾ ਠੀਕ ਨਹੀਂ।

ਪਰਮਾਨ ਤੀਜਾ

ਸੰਤ ਸੁਤੇ ਪ੍ਰਕਾਸ਼ ਜੀ ਸਾਧੂ ਉਦਾਸੀ ਹੋਏ ਹਨ। ਉਨ੍ਹਾਂ

ਨੇ 'ਪ੍ਰਯਾਇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ' ਛਪਵਾਏ ਸਨ। ਸੁਤੇ ਪ੍ਰਕਾਸ਼ ਜੀ ਉਦਾਸੀ ਨੇ ਅਪਣੇ ਪ੍ਰਯਾਵਾਂ ਵਿਚ ਲਿਖਿਆ ਹੈ:-

ਏਕ ਸਮੇਂ ਸ੍ਰੀ ਗੁਰੂ ਪੰਚਮ ਪਾਤਸ਼ਾਹੀ ਰਾਮਸਰ ਮੈਂ ਬੈਠੇ ਥੇ। ਤਾਂ ਸਮੇਂ ਕੋਈ ਪ੍ਰਮਾਰਥੀ ਮੋਖ ਕਾਂਖੀ ਸਿੱਖ ਨੇ ਪ੍ਰਸ਼ਨ ਕੀਆ, ਜੋ 'ਸੱਚੇ ਪਾਤਸ਼ਾਹ' ਕੋਈ ਗੀਤਾ ਕਾ ਪਾਠ, ਕੋਈ ਵਿਸ਼ਨੂੰ ਸਹਸਰ ਨਾਮ ਕਾ ਅਰ ਗਜਿੰਦਰ ਮੋਖ ਸਤੋਤ੍ਰਾਦਿ ਪੁੰਨ ਪਾਠ ਕਰਤੇ ਹੈਂ। ਸੋ ਹੇ ਪ੍ਰਭੋ ਦਾਸੋਂ ਕੋ ਭੀ ਕੋਈ ਸੁਖੈਨ ਪਾਠ ਅਰ ਤਿਨ੍ਹਾਂ ਗੀਤਾਦਿ ਕੇ ਤੁਲ ਮਹਾਤਮ ਵਾ (ਅਰ) ਹਮਾਰੇ ਚੌਬੀਸ ਹਜਾਰ, ਆਠ ਜਾਮ ਕੇ ਸਫਲ ਹੋਵੇ, ਐਸਾ ਪਾਠ ਕੋਈ ਰਚ ਦੇਈਏ। ਅਰ ਜੈਸੇ ਹਮਾਰਾ ਉਧਾਰ ਹੋਵੇ ਅਰ ਨਿੱਤਨੇਮ ਭੀ ਬਣਾ ਰਹੇ। ਅਰ ਹੋਰ ਸਿਸਕ੍ਰਿਤ ਪਾਠ ਹਮ ਨਹੀਂ ਕਰ ਜਾਨਤੇ,ਮੋਟੀ ਬੁੱਧੀ ਵਾਲੇ ਹਾਂ। ਪੁਨ: ਆਪ ਕੇ ਵਾਕੋਂ ਪਰ ਦਾਸੋਂ ਕੀ ਸਰਧਾ ਹੈ, ਅਰ ਆਪ ਕੇ ਵਾਕ ਭੀ ਬੇਦ ਰੂਪ ਹੀ ਹਮ ਨਿਸਚੇ ਕੀਏ ਹੈਂ। ਪ੍ਰਮਾਨ-

ਬ੍ਰਹਮ ਰੂਪ ਹੈ ਬ੍ਰਹਮ ਵਿਤ, ਤਾਕੀ ਬਾਨੀ ਏਕਾ

ਪੁਨ: ਬਚਨ ਭਯਾ। ਏਹ ਸੁਖਮਨੀ ਪਾਠ ਹੈ। 'ਚੌਵੀ' ਅਸਟਪਦੀਆਂ ਹੈਂ, ਇਸ ਕੀਆਂ। ਅਰ ਜੇਤੇ ਗੀਤਾ ਕੇ ਅੱਖਰ ਹੈਂ ਤੇਤੇ ਹੀ ਇਸਕੇ ਹੈਂ, ਅਰ ਗੀਤਾਦਿਕੋਂ ਕੇ ਤੁਲ ਯਾਕੇ ਪਾਠ ਕਾ ਮਹਾਤਮ ਹੋਗਾ, ਐਸੇ ਸੋਲਾਂ ਅਸਟਪਦੀਆਂ ਰਾਮਸਰ ਉਚਾਰੀਆਂ। ਹੋਰ ਅਸਟ (੮) ਬਾਰਠ ਸਾਹਿਬ ਜਾਇਕੇ ਉਚਾਰੀਆਂ ਹੈ, ਭੇਟਾ ਜਾਇ ਰਖੀਆਂ। ਕਹਾ ਸ੍ਰੀ ਚੰਦ ਜੀ ਨੇ "ਔਰ ਆਠ ਭੀ ਉਚਾਰੋ ਔਰ ਚੌਬੀਸ ਪੂਰੀਆਂ

ਹੋਵੇਂ, ਤੋ ਗੀਤਾ ਤੁਲ ਹੋ ਜਾਵੇਂ। ਤਬ ਆਠ ਹੋਰ ਰਚਕੇ ਚੌਬੀਸ ਪੂਰੀਆਂ ਕੀਤੀਆਂ।"

ਇਸ ਲੇਖ ਤੋਂ ਪਤਾ ਲੱਗਦਾ ਹੈ,ਕਿ ੮ ਅਸਟਪਦੀਆਂ **ਬਾਰਠ ਜਾਕੇ** ਉਚਾਰਨ ਦੀ ਸਾਖੀ ਸਾਧੂ ਸੁਤੇ ਪ੍ਰਕਾਸ਼ ਉਦਾਸੀ ਨੇ ਲਿਖੀ। ਗੁਰੂ ਅਰਜਨ ਦੇਵ ਜੀ ਦੇ ਬਾਰਠ ਜਾਨ ਦੀ ਸਾਖੀ ਦੀ ਏਹ ਨੀਂਹ ਧਰੀ। ਇਸ ਤੋਂ ਪਹਿਲੋਂ ਦੀਪ ਮਾਲਾ ਅੰਮ੍ਰਿਤਸਰ ਦੇ ਮੇਲੇ ਪਰ ਸਿੱਖਾਂ ਦੀ ਅਰਦਾਸ ਸੁਣਕੇ ਸੁਖਮਨੀ ਦਾ ਉਚਾਰਨ ਕੀਤਾ ਜਾਨਾ ਮੰਨਦੇ ਸਨ, 'ਸੁਗਮ ਪ੍ਰਜਾਵਾਂ' ਵਿਚ 'ਅਸਥਾਨ' ਨਹੀਂ ਲਿਖਿਆ।

ਪਰਮਾਨ ਚੌਥਾ

ਸ੍ਰੀ ਹਜ਼ੂਰ ਮਹਾਰਾਜ ਫਰੀਦ ਕੋਟ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਸਟੀਕ, ਸੈਂਚੀ ਪਹਿਲੀ ਵਿਚ ਏਹ ਫੁਟ ਨੋਟ ਲਿਖਿਆ ਹੈ:–

"ਬਾਰਠ ਨਾਮ ਨਗਰ ਜੋ ਪਹਾੜ ਦੀ ਕੰਢੀ ਮੈਂ ਹੈ, ਜਹਾਂ ਥੰਭ ਸਾਹਿਬ ਅਬ ਤੱਕ ਪ੍ਰਸਿੱਧ ਹੈ। ਗੁਰੂ ਅਰਜਨ ਸਾਹਿਬ ਜੀ ਉਹਾਂ ਗਏ ਸ੍ਰੀ ਚੰਦ ਜੀ ਕੀ ਪ੍ਰਸੰਨਤਾਰਥ ਸੋਲਾਂ ਅਸਟਪਦੀਆਂ ਭੇਟਾ ਕਰੀ ਅਰੁ ਕਹਾ ਜੀ ਚਵੀ (੨੪) ਪੂਰੀਆਂ ਕਰੋ। ਸੁਣ ਕਰ ਸ੍ਰੀ ਚੰਦ ਜੀ ਪਰਮ ਪ੍ਰਸੰਨ ਭਏ। ਔਰ ਇਸ ਬਾਣੀ ਕਾ ਅਤੀ ਮਹਾਤਮ ਉਚਾਰਨ ਕੀਆ। ਤਬ 'ਆਦਿ ਸਚੁ' ਏਹ ਸਲੋਕ ਸ੍ਰੀ ਚੰਦ ਜੀ ਨੇ ਕਹਾ। ਆਗੇ ਆਠ ਅਸਟਪਦੀਆਂ ਸ੍ਰੀ ਗੁਰੂ ਜੀ ਨੇ ਉਚਾਰਨ ਕੀਆਂ। ਅਰ ਕਈ ਮਹਾਤਮਾਂ ਇਉਂ ਕਹਿਤੇ ਹੈਂ ਕਿ ਚਵੀ ਅਸਟ-

ਪਦੀਆਂ ਰਾਮਸਰ ਪਰ ਉਚਾਰਨ ਕਰੀਆਂ।"[ਪੰਨਾਂ ੧੨੫੧

ਮਾਲੂਮ ਹੁੰਦਾ ਹੈ ਕਿ ਭਾਈ ਬਦਨ ਸਿੰਘ ਜੀ ਗਿਆਨੀ ਨੇ ਇਸ ਉਥਾਨਕਾਂ ਤੇ ਬਿਬਾਦ ਨੂੰ ਅਨਭਵ ਕੀਤਾ।

ਪਰਮਾਨ ਪੰਜਵਾਂ

ਸ੍ਰੀ ਨਿਰਬਾਣ ਪ੍ਰੀਤਮ ਦਾਸ ਉਦਾਸੀ(ਕਵਿ)ਨੇ ਸੰਮਤ ੪੫੨ ਨਾਨਕ ਸ਼ਾਹੀ, (ਸੰਨ ੧੯੨੧ ਈ: ਸੰਮਤ ੧੯੭੮ ਬਿਕ੍ਰਮ) ਵਿਚ 'ਉਦਾਸੀਨ ਸੰਪ੍ਰਦਾਇ ਦਾ ਪਹਿਲਾ *ਭਾਗ' ਨਾਮ ਦੀ ਪੁਸਤਕ ਛਾਪੀ। ਇਸ ਪੁਸਤਕ ਵਿਚ ਸ੍ਰ। ਨਿਰਬਾਣ ਜੀ ਨੇ ਏਹ ਨਵੀਂ ਉਥਾਨਕਾ ਲਿਖੀ।

ਗਉੜੀ ਸੁਖਮਨੀ ਮਹਲਾ ੫

ਸੋ ਪਹਿਲੇ ਇਸਕੀ ਉਥਾਨਕਾ ਸੁਣੀਏਂ।

ਦੋਹਿਰਾ

ਅਹਿਨਿਸ ਗੁਰ ਉਪਦੇਸ ਕਰ, ਤਾਰਤ ਆਰਤ ਲੋਕ॥
ਗੁਰੂ ਨਾਨਕ ਕੀ ਭਗਤਿ ਸੇ, ਹਰੇ ਪਾਪ ਸਭ ਸ਼ੋਕ॥ ੫॥

ਚੌਪਈ

ਸੰਮਤ "ਇਕ ਸੌ ਇਕੀ" ਆਇਆ।
ਅਰਜਨ ਗੁਰੂ ਬਜਾਹ ਕਰਾਇਆ॥
"ਪੂਰਬ ਰੀਤਿ" ਨ ਕਿਨੇ ਕਰਾਈ।
ਸੁਤੇ ਸੁਭਾਇ "†ਭੂਲ" ਸਭਿ ਆਈ॥ ੬॥

---

*ਵਿਸ਼ਨੂੰ ਵੰਸਾਲੈ ਦਾ ੫ ਤੇ ੬ ਧਿਆਇ।
†'ਅਭੁਲ ਗੁਰੂ' ਗੁਰਬਾਣੀ ਹੈ।

ਚੌਪਈ

ਬੀਚਿ ਸੁਖਮਨੀ ਕਰੀ ਬਖਾਨ।
ਸੋਲਾਂ ਅਸਟਪਦੀ ਤਕ ਜਾਨ॥
'ਫਿਰ ਆਗੇ ਰੁਕ ਗਈ ਜਬਾਨ।
ਜਕੜ ਗਈ ਉਚਰੇ ਨਹਿ ਬਾਨਿ' ॥ ੭॥
ਪੁਨ ਗੁਰੂ ਨੈ ਲਿਖ ਦਿਓ ਇ ਸਾਰੀ।
ਯੇ ਕਿਆ ਹਮ ਕੋ ਭਯੋ 'ਬਿਮਾਰੀ'॥
'ਅਬ ਰਸਨਾ ਹਰਿ ਗੁਣ ਨਹਿ ਗਾਇ'।
'ਬਿਸ਼ਿਆ' ਕੋ ਬਹੁ ਭਾਂਤਿ ਤਕਾਇ॥ ੮॥

ਚੌਪਈ

ਸੈਨ ਸਮਝ ਬੁਢਾ ਯੋਂ ਬੋਲੇ।
ਗੁਰੂ ਅਰਜਣ ਹੈ ਸੂਧੇ ਭੋਲੇ॥
ਬਿਘਨ ਭਯੋ, ਤੁਮਰੇ ਘਰ ਕੋਈ।
ਤਾਂਤੇ ਤੁਮਰੀ ਗਿਰਾ ਖਲੋਈ॥ ੯॥
"ਸ੍ਰੀ ਚੰਦ" ਨਹੀ ਆਦਿ ਮਨਾਇਓ।
ਯਾਂ ਤੇ ਬਿਘਨ ਤੋਹਿ ਘਰ ਆਇਓ।
ਹੋਣਹਾਰ ਨੇ ਦੀਏ ਭੁਲਾਇ।
ਯਹਿ ਕਾਰਨ 'ਹਮ' ਦੀਓ ਬਤਾਇ॥੧੦॥

ਰਾਗ ਸਾਲੂ ਮਹਲਾ ੫ ਸਪੌਂਚੀ।

ਅਬ ਚਾਲੋ ਸਭ ਮਿਲ ਪਰਵਾਰ।
ਬਾਰਠ ਗਾਮ ਗੁਰੂ ਕਰਤਾਰ॥
ਵਿਧੀ ਸਹਿਤ ਚਾਲੋ ਗੁਰੂ ਪਾਸ।
ਬਖਸਾਵੇਂਗੇ ਕਰ ਅਰਦਾਸ॥੧੧॥

ਗੁਰੂ ਦਿਆਲੂ ਬਖਸੇਂਗੇ ਮੋਹਿ ।
ਦਾਸ ਜਾਨ ਕਰ ਕਰੇਂ ਨ ਰੋਹਿ ॥
ਸਭੀ ਸੰਗਤਾਂ ਚਲੀ ਪਿਆਰੀ ।
ਸ੍ਰੀ ਚੰਦ ਗੁਰੂ ਉਰ ਮਹਿ ਧਾਰੀ ॥ ੧੨ ॥
ਬਾਰਠ ਗਾਮ ਗਏ ਗੁਰ ਪਾਸ ।
ਦੋ ਕਰ ਜੋੜ ਕਰੀ ਅਰਦਾਸ ।
ਹਮ ਭੂਲਿਓ ਗੁਰੂ ਤੁਮ ਬਖਸ਼ਿੰਦ ।
ਖਿਨ ਖਿਨ ਬਖਸ਼ਨਹਾਰ ਮੁਨਿੰਦ ॥ ੧੩ ॥

ਦੋਹਿਰਾ

ਮੱਥਾ ਟੇਕ ਦੇਆਂ ਗੁਹੋ ਚਰਨ ਕਮਲ ਧਰ ਮਾਥ ।
ਸ੍ਰੀ ਚੰਦਰ ਨਾਨਕ ਗੁਰੂ 'ਇਕ ਜੋਤ' ਦ੍ਵੈ ਆਥ ॥ ੧੪ ॥
ਪਿਤਾ ਮਾਤ ਮਿਸਿ ਉਪਜਿਓ ੂਰਨ ਬ੍ਰਮੁ ਦੋਤ ।
ਗੁਰੂ ਨਾਨਕ ਸ੍ਰੀ ਚੰਦ੍ਰ ਸੁ ਬਿਬ ਰੂਪੰ 'ਇਕ ਜੋਤਿ' ॥ ੧੫ ॥

ਰਾਗੁ ਮਾਝ ਮਹਲਾ ੫ ॥ ਤਾਰਾਂ ਸ਼ਬਦ ॥
ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥
ਸੋ ਹਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ
ਸਭਨਾ ਕੇ ਦਾਤਾਰਾ ਜੀਉ ॥ ੧ ॥
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥
ਨਉਨਿਧਿ ਤੇਰੈ ਅਖੁਟ ਭੰਡਾਰਾ ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ ॥ ੨ ॥

ਸਭੁ ਕੋ ਆਸੈ ਤੇਰੀ ਬੈਠਾ ॥
ਘਟ ਘਟ ਅੰਤਰਿ ਤੂੰ ਹੈ ਵੂਠਾ ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ੩ ॥
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥
ਨਾਨਕ ਦਾਸ ਤੇਰੈ ਬਲਿਹਾਰੈ
ਸਭੁ ਤੇਰਾ ਖੇਲੁ ਦਸਾਹਰਾ ਜੀਉ ॥ ੪ ॥

[ਸ਼ਬਦ ੨ ਦੂਜਾ ॥ ੧੬ ॥]

ਤੂੰ ਪੇਡੁ ਸਾਖ ਤੇਰੀ ਫੂਲੀ ॥
ਤੂੰ ਸੂਖਮੁ ਹੋਆ ਅਸਥੂਲੀ ॥
ਤੂੰ ਜਲਨਿਧਿ ਤੂੰ ਫੇਨੁ ਬੁਦ ਬੁਦਾ
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥ ੧ ॥
ਤੂੰ ਸੂਤੁ ਮਣੀਏ ਭੀ ਤੂੰ ਹੈ ॥
ਤੂੰ ਗੰਠੀ ਮੇਰੁ ਸਿਰਿ ਤੂੰ ਹੈ ॥
ਆਦਿ ਮਧਿ ਅੰਤਿ ਪ੍ਰਭੁ ਸੋਈ
ਅਵਰੁ ਨ ਕੋਇ ਦਿਖਾਲੀਐ ਜੀਉ ॥ ੨ ॥
ਤੂੰ ਨਿਰਗੁਣੁ ਸਰਗੁਣੁ ਸੁਖ ਦਾਤਾ ॥
ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ।
ਅਪਣੇ ਕਰਤਬ ਆਪੇ ਜਾਣਹਿ
ਆਪੇ ਤੁਧੁ ਸਮਾਲੀਐ ਜੀਉ ॥ ੩ ॥
ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥

ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥
ਨਾਨਕ ਦਾਸੁ ਸਦਾ ਗੁਣ ਗਾਵੈ
ਇਕ ਭੋਰੀ ਨਦਰਿ ਨਿਹਾਲੀਐ, ਜੀਉ ॥ ੪ ॥
[ਸਬਦ ੨੧ਵਾਂ । ੧੭ ॥]

ਦੋਹਿਰਾ

ਸਾਖੀ ਹੈ ਸਭੇ ਜਗਤ ਕੇ ਕਰੇ ਚਲਿਤ ਬਹੁ ਭਾਇ ।
ਸਾਂਝੇ ਹੈ ਗੁਰ ਸਰਬ ਕੇ 'ਮੋਰੇ' ਹੈ ਪਿਤ ਮਾਇ ॥ ੧੮ ॥

--o--

ਆਦਿ ਅੰਤ ਮਧ ਰਵ ਰਹੇ, ਤਿਰਲੋਕੀ ਕੇ ਨਾਥ ।
ਤਾਂਹਿ ਗੁਰੂ ਸ੍ਰੀ ਚੰਦੁ ਕੇ ਚਰਨੰ ਵੰਦਤ ਮਾਥ ॥ ੧੯ ॥

ਸੋਰਠਿ ਮਹਲਾ ੫ ॥ [ਤਰ ਤਲਕ ਸਬਦ]
ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਨ ਤੂ ਦਾਤਾ ।
ਹਮ ਮੂਰਖ ਤੁਮ ਚਤੁਰ ਸਿਆਣੇ
ਤੂ ਸਰਬ ਕਲਾ ਕਾ ਗਿਆਤਾ ॥ ੧ ॥
ਮਾਧੋ ਹਮ ਐਸੇ ਤੂ ਐਸਾ ।
ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ । ਰਹਾਉ ॥
ਤੁਮ ਸਭ ਸਾਜੇ ਸਾਜਿ ਨਿਵਾਜੇ
ਜੀਉ ਪਿੰਡੁ ਦੇ ਪ੍ਰਾਨਾ ॥
ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ ॥ ੨ ॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ

ਤੁਮ ਸਦਾ ਸਦਾ ਦਇਆਲਾ।
ਤੁਮ ਸੁਖਦਾਈ ਪੁਰਖ ਬਿਧਾਤੇ
ਤੁਮ ਰਾਖਹੁ ਅਪੁਨੇ ਬਾਲਾ ॥ ੩ ॥
ਤੁਮ ਨਿਧਾਨ ਅਟਲ ਸੁਲਿਤਾਨ
ਜੀਅ ਜੰਤ ਸਭਿ ਜਾਚੈ ॥
ਕਹੁ ਨਾਨਕ ਹਮ ਇਹੈ ਹਵਾਲਾ
ਰਾਖੁ ਸੰਤਨ ਕੈ ਪਾਛੈ ॥ ੪ ॥

[ਸ਼ਬਦ ੧੭ਵਾਂ ॥ ੨੦ ॥]

ਕਬਿਤ

ਸੁਤ ਅਪਰਾਧ ਕਰੇ, ਜਨਨੀ ਨ ਚੀਤ ਧਰੇ,
ਭੂਲ ਚੂਕ ਪਰੇ, ਹਮ ਗੁਰੂ ਬਖਸੀਜੀਏ।
ਪੰਜ ਸੈ ਮੋਹਰ ਗੁਰੂ ਭੂਛਣ ਸਮੇਤ ਘੋੜਾ,
ਚਰਨਾ ਪੈ ਸੀਸ ਧਰੋ, ਪੂਜ ਨਿਜ ਲੀਜੀਏ।
ਦਾਸ ਪੈ ਮੇਹਰ ਕਰੋ,ਕੁਸਟ ਦਾਗ ਦੀਨ ਹਰੋ,
ਸ੍ਰੀ ਚੰਦਰ ਗੁਰ ਧੂਰੀ ਚਰਨਾ ਕੀ ਦੀਜੀਏ।
ਨਾਨਕਾਵਤਾਰ ਗੁਰੂ ਨਿਰਬਾਣ ਸ੍ਰੀ ਚੰਦਰ,
'ਦੋਸ ਜੋਓ ਰੋਪੈ' ਕੁੰਭੀ ਨਰਕ ਸੜੀਜੀਏ।੨੧।

ਬੈਂਤ

ਜੇਕਰ ਭੁਲ ਬਗਾੜ ਹੋ ਗਿਆ ਮੁਝ ਤੇ
ਨਦਾਨ ਜਾਣਕੇ ਦਾਸ ਨ ਤਿਆਗ ਦੇਣਾ।
ਜੀ ਪੂਰਬ ਕਾਲ ਪਛਾਣੇ ਪ੍ਰੇਮ ਕਰਤੇ
ਔਗਣ ਦਾਸ ਦਿਆਂ ਨੂੰ ਹੁਣ ਬਖਸ਼ ਦੇਣਾ।
ਮੇਹਰਬਾਨ ਕਿਰਪਾਲ ਦਿਆਲ ਹੋਤੇ

ਕੋਪੈਂ ਦਾਸ ਪੈ ਜਗਤ ਫਿਰ ਦਊ ਮੇਣਾ।
ਹੱਥੀ ਜੀ ਆਪ ਬਠਾਇ ਕਰ ਗੱਦੀਆਂ ਤੇ
ਹਾਥੀ ਤੇ ਚਾੜ ਕਰ, ਭੂੰਜੇ ਨਾ ਸੁੱਟ ਦੇਣਾ ॥੨੨॥

ਮਿਸ੍ਰ ਕਬਿਤ

ਬੋਲਦੇ ਕਿਉਂ ਨਹੀਂ ਜੀ, ਕਸੂਰ ਸਾਡੇ ਮਾਫ ਕਰੋ,
ਲਾਇਕੇ ਸਮਾਧੀ, ਗੁਰੂ ਬੈਠੇ ਮੋਨੀ ਹੋਇਕੇ।
ਜਿੰਦ ਮੇਰੀ ਗਈ, ਗੁਰੂ ਬੋਲੀਏ, ਗੁਰੂ ਕੇ ਲੀਏ,
ਖੋਹਲੀਏ ਪਲਕ ਜੀ, ਮੈਂ ਚਰਨ ਪੀਓਂ ਧੋਇਕੇ।
ਸੁਣਕੇ 'ਬ੍ਰਿਲਾਪ' ਏਵੇਂ, ਪਲਕ ਉਘੇੜੀ ਗੁਰੂ,
